ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
Epaper World Punjabi Times 04 ਸਤੰਬਰ 2025 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਨੂੰ ਲੁਧਿਆਣਾ ਵਿਖੇ ਮੈਡੀਕਲ ਕਾਲਜ ਹਸਪਤਾਲ ’ਚ ਚੰਗੀਆਂ ਸੇਵਾਵਾਂ ਬਦਲੇ ਮਿਲਿਆ ਮਾਨਤਾ ਪੁਰਸਕਾਰ

### ਪੁਰਸਕਾਰ ਨੇ ਮੇਰੀਆਂ ਜਿੰਮੇਵਾਰੀਆਂ ’ਚ ਹੋਰ ਵਾਧਾ ਕੀਤਾ : ਡਾ. ਪ੍ਰਦੀਪ ਗਰਗ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 4 ਸਤੰਬਰ : ਲੁਧਿਆਣਾ ਵਿਖੇ ਹੋਏ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ ਦੌਰਾਨ ਟਾਈਮਜ਼ ਗਰੁੱਪ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਵੱਲੋਂ ਕੈਂਸਰ ਵਿਭਾਗ ਵਿਖੇ ਚੰਗੀਆਂ ਸੇਵਾਵਾਂ ਨੂੰ ਦੇਖਦਿਆਂ ਮਾਨਤਾ ਪੁਰਸਕਾਰ ਨਾਲ ਨਵਾਜਿਆ ਗਿਆ। ਇਸ ਮੌਕੇ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਹ ਸਨਮਾਨ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨ, ਇਲਾਜ ਪ੍ਰਦਾਨ ਕਰਨ ਅਤੇ ਲੋੜਵੰਦਾਂ ਲਈ ਇਲਾਜ ਦੌਰਾਨਂ ਸੇਵਾ ਕਰਨ ਦੇ ਮੇਰੇ ਯਤਨਾਂ ਦੀ ਇੱਕ ਨਿਮਰਤਾਪੂਰਕ ਪ੍ਰਵਾਨਗੀ ਹੈ। ਉਹਨਾਂ ਕਿਹਾ ਕਿ ਕੈਂਸਰ ਪ੍ਰਤੀ ਦੇਖਭਾਲ ਸਿਰਫ਼ ਡਾਕਟਰੀ ਇਲਾਜ ਬਾਰੇ ਨਹੀਂ ਹੈ, ਸਗੋਂ ਸਮਾਜ ਦੇ ਅੰਦਰ ਉਮੀਦ, ਜਾਗਰੂਕਤਾ ਅਤੇ ਹਮਦਰਦੀ ਫੈਲਾਉਣ ਬਾਰੇ ਵੀ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਜਿਥੇ ਪੰਜਾਬ ਦੇ ਵੱਖ-ਵੱਖ ਜਿਲਿਆ ਤੋਂ ਮਰੀਜ਼ ਆਪਣਿਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕਰਵਾਉਣ




ਆਉਂਦੇ ਹਨ ਅਤੇ ਮੈਡੀਕਲ ਫ਼ਰੀਦਕੋਟ ਦੇ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਅਤੇ ਵਿਭਾਗ ਦਾ ਸਮੂਹ ਸਟਾਫ ਜੋ ਕਿ ਲਗਾਤਾਰ ਹੀ ਮਰੀਜਾਂ ਨੂੰ ਇਲਾਜ ਸਮੇਂ ਚੰਗਾਂ ਵਤੀਰਾ ਵਰਤਦਾ ਹੈ। ਡਾ. ਪ੍ਰਦੀਪ ਗਰਗ ਜੋ ਕੀ ਮਰੀਜਾਂ ਦਾ ਇਲਾਜ ਕਰਨ ਦੇ ਨਾਲ ਨਾਲ ਮਰੀਜਾਂ ਨੂੰ ਜਿੰਦਗੀ ਜਿਉਣ ਦੀ ਹੌਸਲਾ ਅਫ਼ਜਾਈ ਕਰਦੇ ਹਨ ਅਤੇ ਮਿਲੇ ਹੌਸਲੇ ਕਾਰਣ ਮਰੀਜ ਆਪਣੀ ਬਿਮਾਰੀ ਭੁੱਲ ਅੱਧਾ ਤਾਂ ਵੈਸੇ ਹੀ ਠੀਕ ਹੋ ਜਾਂਦਾ ਹੈ। ਡਾ. ਪ੍ਰਦੀਪ ਗਰਗ ਦਿਨ-ਰਾਤ ਮਰੀਜਾਂ ਦੀ ਸੇਵਾ ਕਰਦੇ ਹੀ ਨਜਰ ਆਉਂਦੇ ਹਨ। ਇਸੇ ਨੂੰ ਦੇਖਦੇ ਹੋਏ ਲੁਧਿਆਣਾ ਵਿੱਚ ਹੋਏ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ ’ਚ ਟਾਈਮਜ਼ ਗਰੁੱਪ ਵੱਲੋਂ ਡਾ. ਪ੍ਰਦੀਪ ਗਰਗ ਨੂੰ ਮਾਨਤਾ ਪੁਰਸਕਾਰ ਨਾਲ ਨਵਾਜਿਆ ਗਿਆ। ਡਾ: ਪਰਦੀਪ ਗਰਗ ਨੇ ਕਿਹਾ ਕਿ ਮੈਨੂੰ ਲੁਧਿਆਣਾ ਵਿੱਚ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ ਵਿੱਚ ਟਾਈਮਜ਼ ਗਰੁੱਪ ਵੱਲੋਂ ਮਾਨਤਾ ਪੁਰਸਕਾਰ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਪ੍ਰਸ਼ੰਸਾ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨ, ਜ਼ਰੂਰੀ ਇਲਾਜ ਪ੍ਰਦਾਨ ਕਰਨ ਅਤੇ ਲੋੜਵੰਦਾਂ ਲਈ ਇਲਾਜ ਕਰਨ ਵਾਲੇ ਵਜੋਂ ਸੇਵਾ ਕਰਨ ਪ੍ਰਤੀ ਮੇਰੀ ਵਚਨਬੱਧਤਾ ਦੀ ਇੱਕ ਨਿਮਰਤਾਪੂਰਵਕ ਪ੍ਰਵਾਨਗੀ ਵਜੋਂ ਕੰਮ ਕਰਦੀ ਹੈ। ਕੈਂਸਰ ਦੀ ਦੇਖਭਾਲ ਡਾਕਟਰੀ ਦਖਲਅੰਦਾਜ਼ੀ ਤੋਂ ਪਰੇ ਹੈ। ਇਹ ਸਾਡੇ ਸਮਾਜ ਦੇ ਅੰਦਰ ਉਮੀਦ, ਜਾਗਰੂਕਤਾ ਅਤੇ ਹਮਦਰਦੀ ਦੇ ਮਹੱਤਵਪੂਰਨ ਤੱਤਾਂ ਨੂੰ ਸ਼ਾਮਲ ਕਰਦੀ ਹੈ। ਮੈਂ ਹਸਪਤਾਲ ਪ੍ਰਸ਼ਾਸਨ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਅਤੇ ਉਤਸ਼ਾਹ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਮਿਸ਼ਨ ਨੂੰ ਸਮਰਪਣ ਨਾਲ ਅੱਗੇ ਵਧਾਉਣ ਦੀ ਆਗਿਆ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਂ ਉਨ੍ਹਾਂ ਵਿਅਕਤੀਆਂ ਦਾ ਵੀ ਬਰਾਬਰ ਧੰਨਵਾਦੀ ਹਾਂ, ਜਿੰਨ੍ਹਾਂ ਨੇ ਮੇਰੇ ’ਤੇ ਆਪਣਾ ਭਰੋਸਾ ਰੱਖਿਆ ਹੈ ਅਤੇ ਇਸ ਦੌਰਾਨ ਮੇਰੇ ਨਾਲ ਖੜ੍ਹੇ ਰਹੇ ਹਨ, ਮੈਨੂੰ ਹੋਰ ਵੀ ਵੱਡੀ ਜ਼ਿੰਮੇਵਾਰੀ ਨਾਲ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਹੈ। ਉਹਨਾਂ ਕਿਹਾ ਕਿ ਇਹ ਪੁਰਸਕਾਰ ਸਿਰਫ਼ ਮੇਰਾ ਨਹੀਂ ਹੈ। ਇਹ ਹਰ ਉਸ ਵਿਅਕਤੀ ਦਾ ਹੈ ਜਿਸਨੇ ਇਸ ਨੇਕ ਕਾਰਜ ਵਿੱਚ ਯੋਗਦਾਨ ਪਾਇਆ ਹੈ। ਮੈਂ ਆਪਣੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਅਣਥੱਕ ਕੰਮ ਕਰਨ ਵਚਨਬੱਧਤ ਹਾਂ।

## ਅਰਸ਼ ਸੱਚਰ ਅਤੇ ਪੰਜਾਬੀ ਫਿਲਮੀ ਅਦਾਕਾਰ ਪ੍ਰਿੰਸ ਪੰਮਾ ਨੇ ਫਿਰੋਜਪੁਰ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

### ਆਉ ਹੜ੍ਹ ਪੀੜਤ ਲੋਕਾਂ ਦੀ ਮੱਦਦ ਲਈ ਇੱਕਜੁੱਟ ਹੋਈਏ : ਅਰਸ਼ ਸੱਚਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 4 ਸਤੰਬਰ : ਉੱਘੇ ਸਮਾਜਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਅਤੇ ਪੰਜਾਬੀ ਫ਼ਿਲਮ ਅਦਾਕਾਰ ਪ੍ਰਿੰਸ ਪੰਮਾ ਵੱਲੋਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਕਾਲੂ ਵਾਲਾ, ਕਿਲਚੇ ਵਾਲਾ, ਨਹਾਲੇ ਵਾਲਾ ਅਤੇ ਹਬੀਬ ਕੇ ਵਿੱਚ ਪਹੁੰਚ ਕੇ ਲੋਕਾਂ ਦੀ ਮੱਦਦ ਕੀਤੀ ਗਈ। ਹੜ੍ਹਾਂ ਕਾਰਨ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਨਾ ਸਿਰਫ਼ ਰਹਿਣ ਲਈ ਮੁਸ਼ਕਿਲਾਂ ਆ ਰਹੀਆਂ ਹਨ, ਸਗੋਂ ਬੇਜ਼ੁਬਾਨ ਪਸ਼ੂਆਂ ਨੂੰ ਵੀ ਚਾਰੇ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਗੰਭੀਰ ਹਾਲਾਤ ਵਿੱਚ ਅਰਸ਼ ਸੱਚਰ ਅਤੇ ਪ੍ਰਿੰਸ ਪੰਮਾ ਨੇ ਪਿੰਡਾਂ ਦੇ ਦੌਰੇ ਦੌਰਾਨ ਲੋਕਾਂ ਵਿੱਚ ਪਸ਼ੂਆਂ ਲਈ ਅਚਾਰ



(ਚਾਰਾ), ਤਿਰਪਾਲ, ਰੱਸੀਆਂ, ਬਲੀਚਿੰਗ ਪਾਊਡਰ ਅਤੇ ਹੋਰ ਜ਼ਰੂਰੀ ਸਮਾਨ ਵੰਡ ਕੇ ਪ੍ਰਭਾਵਿਤ ਪਰਿਵਾਰਾਂ ਨੂੰ ਹੌਂਸਲਾ ਦਿੱਤਾ। ਇਸ ਮੌਕੇ ਅਰਸ਼ ਸੱਚਰ ਨੇ ਕਿਹਾ ਕਿ ਹੜ੍ਹਾਂ ਦੀ ਇਹ ਕੁਦਰਤੀ ਆਫ਼ਤ ਸਾਡੇ ਭਾਈਚਾਰੇ ਦੀ ਕਸੌਟੀ ਹੈ। ਐਸੇ ਸਮੇਂ ਵਿੱਚ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਨਾ ਸਿਰਫ਼ ਪ੍ਰਭਾਵਿਤ ਲੋਕਾਂ ਨੂੰ ਸਮਾਨਿਕ ਰਾਹਤ ਦੇਈਏ, ਸਗੋਂ ਉਨ੍ਹਾਂ ਦੇ ਦਿਲਾਂ ਵਿੱਚ ਇਹ ਯਕੀਨ ਪੈਦਾ ਕਰੀਏ ਕਿ ਉਹ ਇਕੱਲੇ ਨਹੀਂ ਹਨ। ਪੰਜਾਬੀ ਫ਼ਿਲਮ ਅਦਾਕਾਰ ਪ੍ਰਿੰਸ ਪੰਮਾ ਨੇ ਵੀ ਲੋਕਾਂ ਨਾਲ ਸਾਂਝ ਪਾਈ ਅਤੇ ਕਿਹਾ ਕਿ ਕਲਾ-ਜਗਤ ਹੋਵੇ ਜਾਂ ਸਿਆਸੀ ਜਗਤ, ਸਾਰਿਆਂ ਦਾ ਫ਼ਰਜ਼ ਹੈ ਕਿ ਪੀੜਤ ਲੋਕਾਂ ਦੀ ਮੱਦਦ ਲਈ ਇੱਕਜੁੱਟ ਹੋਈਏ। ਅੰਤ ਵਿੱਚ ਦੋਵੇਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਜਲਦੀ ਹਾਲਾਤ ਠੀਕ ਹੋਣ, ਪਾਣੀਆਂ ਦਾ ਕਹਿਰ ਰੁਕੇ ਅਤੇ ਹਰ ਪ੍ਰਭਾਵਿਤ ਪਰਿਵਾਰ ਆਪਣੇ ਘਰ-ਆਂਗਣ ਵਿੱਚ ਮੁੜ ਸੁਖ-ਚੈਨ ਨਾਲ ਜੀ ਸਕੇ।

## ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਆਪਣੇ ਬੇਟੇ ਦਾ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਸੁਰਿੰਦਰਪਾਲ ਸ਼ਰਮਾ



ਫਰੀਦਕੋਟ 4 ਸਤੰਬਰ : ਪੰਜਾਬੀ ਸਾਹਿਤ ਦੇ ਨਾਮਵਰ ਲੇਖਕ ਉੱਘੇ ਸ਼ਾਇਰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਆਪਣੇ ਪੁੱਤਰ ਇੰਜ: ਨਵਜੀਤ ਸਿੰਘ ਬਰਾੜ ਉਰਫ ਗੋਲਡੀ ( ਅਮਰੀਕਾ) ਦਾ ਜਨਮ ਦਿਨ ਸ਼ੇਖ ਬਾਬਾ ਫ਼ਰੀਦ ਜੀ ਦੇ ਆਗਮਨ ਦੇ ਪਹਿਲੇ ਸਥਾਨ ਗੁਰਦੁਆਰਾ ਮਾਈ ਗੋਦੜੀ ਸਾਹਿਬ ਕੋਟਕਪੂਰਾ ਰੋਡ ਫ਼ਰੀਦਕੋਟ ਵਿਖੇ ਬੜੇ ਸਾਦਾ ਪਰ ਪ੍ਰਭਾਵਸ਼ਾਲੀ ਤਰੀਕੇ ਨਾਲ਼ ਮਨਾਇਆ। ਉਹਨਾਂ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਗੁਰਾਂ ਤੋ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਭ ਦੇ ਭਲੇ ਦੀ ਅਰਦਾਸ ਕੀਤੀ। ਸਟੇਜ ਸਕੱਤਰ ਦੇ ਫਰਜ਼ ਇਕਬਾਲ ਘਾਰੂ ਨੇ ਨਿਭਾਏ। ਸਭ ਤੋਂ ਪਹਿਲਾਂ ਉਹਨਾਂ ਲਾਲ ਸਿੰਘ ਕਲਸੀ ਨੂੰ ਬੁਲਾਇਆ ਜਿਨ੍ਹਾਂ ਸਟੇਜ ਤੇ ਪਹੁੰਚ ਕੇ ਨਵਰਾਹੀ ਜੀ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਜਾਣਕਾਰੀ ਦਿੱਤੀ। ਉਸ ਤੋਂ ਬਾਅਦ ਇਕਬਾਲ ਘਾਰੂ ਨੇ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨਾਲ ਆਪਣੇ ਪੁਰਾਣੇ ਸੰਬੰਧਾਂ ਦਾ ਜ਼ਿਕਰ ਕਰਦਿਆਂ ਨਵਜੀਤ ਸਿੰਘ ਬਰਾੜ ( ਗੋਲਡੀ) ਦੀਆਂ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬਾ ਗੁਰਪ੍ਰੀਤ ਕੌਰ ਬਰਾੜ ਅਤੇ ਦੋਵਾਂ ਬੱਚਿਆਂ ਮਹਿਤਾਬ ਅਤੇ ਸੀਰਤ ਦਾ ਵੀ ਜ਼ਿਕਰ ਕੀਤਾ। ਯਾਦ ਰਹੇ ਕਿ ਪ੍ਰਿੰਸੀਪਲ ਨਵਰਾਹੀ ਜੀ ਨੇ ਆਪਣੇ ਪੋਤੇ ਮਹਿਤਾਬ ਅਤੇ ਪੋਤਰੀ ਸੀਰਤ ਨੂੰ ਸਮਰਪਿਤ ਦੋ ਕਿਤਾਬਾਂ ਮਹਿਤਾਬਨਾਮਾ ਆਤੇ ਸੀਰਤਨਾਮਾ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ। ਇਸ ਸ਼ੁਭ ਅਵਸਰ ਤੇ ਪੰਜਾਬੀ ਸਾਹਿਤ ਸਭਾ ਫਰੀਦਕੋਟ ਦੇ ਮੈਂਬਰਾਂ ਨੇ ਗੁਰੂ ਚਰਨਾਂ ਵਿੱਚ ਆਪਣੀ ਹਾਜ਼ਰੀ ਲਗਵਾਈ ਅਤੇ ਨਵਰਾਹੀ ਸਾਹਿਬ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਬਰਾੜ ਮਾਤਾ ਨਵਜੀਤ ਸਿੰਘ ਉਰਫ਼ ਗੋਲਡੀ ਨੂੰ ਵਧਾਈ ਦਿੱਤੀ। ਹਾਜ਼ਰ ਲੇਖਕਾਂ ਵਿੱਚ ਕਰਨਲ ਬਲਬੀਰ ਸਿੰਘ ਸਰਾਂ, ਪ੍ਰੋਫੈਸਰ ਪਾਲ ਸਿੰਘ ਪਾਲ, ਲਾਲ ਸਿੰਘ ਕਲਸੀ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ, ਸੁਰਿੰਦਰਪਾਲ ਸ਼ਰਮਾ ਭਲੂਰ, ਸੁਖਚੈਨ ਥਾਂਦੇਵਾਲਾ,ਵਤਨਵੀਰ ਜ਼ਖਮੀ, ਜਗਦੀਪ ਹਸਰਤ, ਸ੍ਰੀ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਫਰੀਦਕੋਟ, ਪ੍ਰੋ: ਨਿਰਮਲ ਕੌਸ਼ਿਕ, ਡਾ. ਧਰਮ ਪ੍ਰਵਾਨਾ, ਸੁਖਦੇਵ ਸਿੰਘ ਦੁਸਾਂਝ, ਸੁਮੀਤ ਹੈਲਪਰ ਨਵਰਾਹੀ ਸਾਹਿਬ, ਕੁਲਵਿੰਦਰ ਸਿੰਘ ਭਾਣਾ ਹੈਲਪਰ ਪ੍ਰੋਫੈਸਰ ਪਾਲ ਸਿੰਘ , ਗਿਆਨੀ ਮੁਖਤਿਆਰ ਸਿੰਘ ਵੰਗੜ , ਦਰਸ਼ਨ ਰੋਮਾਣਾ ਆਦਿ ਨੇ ਵੀ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ ਅਤੇ ਨਵਰਾਹੀ ਜੀ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਨਵਰਾਹੀ ਸਾਹਿਬ ਦੇ ਪਿੰਡ ਘੁਗਿਆਣਾ ਤੋਂ ਵੀ ਰਿਸ਼ਤੇਦਾਰਾਂ ਅਤੇ ਫਰੀਦਕੋਟ ਤੋਂ ਵੀ ਉਨ੍ਹਾਂ ਦੇ ਨਜ਼ਦੀਕੀ ਯਾਰਾਂ ਦੋਸਤਾਂ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ। ਅਖੀਰ ਵਿੱਚ ਇਕਬਾਲ ਘਾਰੂ ਨੇ ਦੱਸਿਆ ਕਿ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਨਵਪ੍ਰਕਾਸ਼ਿਤ ਪੁਸਤਕ “ ਮਾਹੌਲ “ ਤੇ ਮਿਤੀ 14 ਸਤੰਬਰ 2025 ਦਿਨ ਐਤਵਾਰ ਨੂੰ ਭਾਈ ਸੰਗਤ ਸਿੰਘ ਖ਼ਾਲਸਾ ਹਾਈ ਸਕੂਲ ਸਾਹਮਣੇ ਕੋਤਵਾਲੀ ਫਰੀਦਕੋਟ ਵਿਖੇ ਗੋਸ਼ਟੀ ਕਰਵਾਈ ਜਾਵੇਗੀ। ਜਿਸ ਵਿੱਚ ਵਿਦਵਾਨ ਲੇਖਕ ਭਾਗ ਲੈਣਗੇ। ਅਖੀਰ ਵਿੱਚ ਆਈ ਸੰਗਤ ਨੇ ਚਾਹ ਪਾਣੀ ਦਾ ਲੰਗਰ ਸ਼ਕਿਆ ਅਤੇ ਵਿਦਾ ਹੋਏ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫ਼ਰੀਦਕੋਟ ਵਿੱਚ ਐਮ ਬੀ ਬੀ ਐਸ ਦੀਆਂ 50 ਹੋਰ ਸੀਟਾਂ ਮਨਜ਼ੂਰ-ਗੁਰਦਿੱਤ ਸਿੰਘ ਸ਼ੇਖੋਂ

### ਕਾਲਜ ਵਿੱਚ ਕੁੱਲ ਐਮ ਬੀ ਬੀ ਐਸ ਦੀਆਂ ਗਿਣਤੀ 200 ਹੋਈ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫ਼ਰੀਦਕੋਟ, 4 ਸਤੰਬਰ : ਪੰਜਾਬ ਦੇ ਸਿਹਤ ਖੇਤਰ ਲਈ ਇਕ ਹੋਰ ਇਤਿਹਾਸਕ ਉਪਲਬਧੀ ਦਰਜ ਕਰਦਿਆਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਵਿੱਚ ਐਮ ਬੀ ਬੀ ਐਸ ਕੋਰਸ ਦੀਆਂ 50 ਹੋਰ ਸੀਟਾਂ ਵਧਾਉਣ ਦੀ ਮਨਜ਼ੂਰੀ ਮਿਲ ਗਈ ਹੈ। ਨੈਸ਼ਨਲ ਮੈਡੀਕਲ ਕੌਂਸਲ (ਐਨ.ਐਮ.ਸੀ) ਵੱਲੋਂ ਦਿੱਤੀ ਗਈ ਇਸ ਮਨਜ਼ੂਰੀ ਨਾਲ ਕਾਲਜ ਵਿੱਚ ਐਮ ਬੀ ਬੀ ਐਸ ਦੀਆਂ ਕੁੱਲ ਸੀਟਾਂ ਦੀ ਗਿਣਤੀ ਹੁਣ 200 ਹੋ ਜਾਵੇਗੀ।

ਇਹ ਉਪਲਬਧੀ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਅਤੇ ਸਿਹਤ ਵਿਭਾਗ ਦੇ ਲਗਾਤਾਰ ਯਤਨਾਂ ਦਾ ਨਤੀਜਾ ਹੈ। ਇਸ ਖ਼ੁਸ਼ਖਬਰੀ ਦੀ ਜਾਣਕਾਰੀ ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਦਿੱਤੀ। ਸ. ਸੇਖੋਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਖੇਤਰਾਂ ਵਿੱਚ ਗੁਣਵੱਤਾ ਸੁਧਾਰ ਲਈ ਵਚਨਬੱਧ ਹੈ। “ਸਰਕਾਰ ਬਣਨ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਕੇਵਲ 100 ਐਮ ਬੀ ਬੀ ਐਸ ਸੀਟਾਂ ਸਨ। ਸਾਲ 2023 ਵਿੱਚ 50 ਸੀਟਾਂ ਵਧਾ ਕੇ ਇਹ ਗਿਣਤੀ 150 ਤੱਕ ਪਹੁੰਚੀ ਸੀ ਅਤੇ ਹੁਣ ਹੋਰ 50 ਸੀਟਾਂ ਦੇ ਵਾਧੇ ਨਾਲ ਇਹ ਗਿਣਤੀ 200 ਹੋ ਗਈ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਹੱਤਵਪੂਰਨ ਫ਼ੈਸਲੇ ਨਾਲ ਸਿਰਫ਼ ਸੂਬੇ ਦੇ ਨੌਜਵਾਨਾਂ ਲਈ ਮੈਡੀਕਲ ਸਿੱਖਿਆ ਦੇ ਹੋਰ ਮੌਕੇ ਹੀ ਨਹੀਂ ਬਣਨਗੇ, ਸਗੋਂ ਪੰਜਾਬ ਦੇ ਲੋਕਾਂ ਨੂੰ ਉੱਚ ਪੱਧਰੀ ਇਲਾਜੀ ਸਹੂਲਤਾਂ ਵੀ ਹੋਰ ਵਧੀਆ ਤਰੀਕੇ ਨਾਲ ਮਿਲ ਸਕਣਗੀਆਂ। ਵਧੀਆਂ ਸੀਟਾਂ ਨਾਲ ਕਾਲਜ ਦੀ ਸਮਰੱਥਾ ਵਧੇਗੀ, ਸਟਾਫ਼ ਅਤੇ ਸਹੂਲਤਾਂ ਵਿੱਚ ਵੀ ਸੁਧਾਰ ਹੋਵੇਗਾ, ਜਿਸ ਨਾਲ ਫ਼ਰੀਦਕੋਟ ਹੀ ਨਹੀਂ ਸਗੋਂ ਪੂਰੇ ਮਾਲਵਾ ਖੇਤਰ ਦੇ ਮਰੀਜ਼ਾਂ ਨੂੰ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪੰਜਾਬ ਨੂੰ ਸਿਹਤ ਖੇਤਰ ਵਿੱਚ ਹੋਰ ਮਜ਼ਬੂਤ ਬਣਾਉਣ ਵੱਲ ਇਕ ਵੱਡਾ ਕਦਮ ਹੈ ਅਤੇ ਮੈਡੀਕਲ ਖੇਤਰ ਵਿੱਚ ਕਾਬਲ ਡਾਕਟਰਾਂ ਦੀ ਉਤਪਤੀ ਲਈ ਇੱਕ ਸੁਨਹਿਰਾ ਮੌਕਾ ਹੈ।

## “ਮੋਦੀ ਸਰਕਾਰ ਹੜਾਂ ਕਾਰਨ ਹੋਈ ਤਬਾਹੀ ਨੂੰ ਕੌਮੀ ਆਫਤ ਐਲਾਨ ਕਰੇ, ਪੰਜਾਬ ਨੂੰ ਤੁਰੰਤ ਰਾਹਤ ਪੈਕੇਜ ਦਿੱਤਾ ਜਾਵੇ”-ਸੀਪੀਆਈ।

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 4 ਸਤੰਬਰ : ਭਾਰਤੀ ਕਮਿਊਨਿਸਟ ਪਾਰਟੀ ਜਿਲਾ ਫ਼ਰੀਦਕੋਟ ਵੱਲੋਂ ਜਾਰੀ ਕੀਤੇ ਇੱਕ ਬਿਆਨ ਵਿੱਚ ਹਾਲੀਆ ਹੜਾਂ ਕਾਰਨ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ‘ਤੇ ਭਾਰੀ ਚਿੰਤਾ ਪ੍ਰਗਟ ਕੀਤੀ ਗਈ। ਪਾਰਟੀ ਦੇ ਜਿਲਾ ਸੈਕਟਰੀ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਸਰਪੰਚ, ਹਰਪਾਲ ਮਚਾਕੀ, ਮਾਸਟਰ ਗੁਰਚਰਨ ਸਿੰਘ ਮਾਨ, ਵੀਰ ਸਿੰਘ ਕੰਮੇਆਣਾ ਜ਼ਿਲਾ ਨਰੇਗਾ ਮਜ਼ਦੂਰ ਯੂਨੀਅਨ ਅਤੇ ਸੁਖਜਿੰਦਰ ਸਿੰਘ ਤੂੰਬੜਭੰਨ ਕਿਸਾਨ ਆਗੂ ਨੇ ਕਿਹਾ ਕਿ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿੱਚ ਜਿੱਥੇ ਬਦਲ ਫਟਣ, ਢਿੱਗਾਂ ਡਿੱਗਣ ਅਤੇ ਡੈਮਾਂ ਦੇ ਗੇਟ



ਖੋਲ੍ਹਣ ਕਾਰਨ ਦਰਿਆਵਾਂ ਵਿੱਚ ਆਏ ਹੜਾਂ ਦੇ ਸ਼ੂਕਦੇ ਪਾਣੀ ਨਾਲ ਸੜਕਾਂ, ਪੁਲਾਂ, ਮਕਾਨਾਂ ਅਤੇ ਦੁਕਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉੱਥੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਦੇ ਨਾਲ-ਨਾਲ ਪਸ਼ੂਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਪਰ ਅਫਸੋਸ ਦੀ ਗੱਲ ਹੈ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਨੇ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਈ। ਕਮਿਊਨਿਸਟ ਆਗੂਆਂ ਨੇ ਮੰਗ ਕੀਤੀ ਕਿ ਉੱਤਰੀ ਰਾਜਾਂ ਵਿੱਚ ਹੋਈ ਜਾਨ-ਮਾਲ ਦੀ ਇਸ ਵਿਆਪਕ ਤਬਾਹੀ ਨੂੰ ਕੌਮੀ ਆਫਤ ਐਲਾਨ ਕੀਤਾ ਜਾਵੇ ਅਤੇ ਸਾਰੇ ਦੇਸ਼ ਲਈ ਅਨਾਜ ਪੈਦਾ ਕਰਨ ਵਾਲੇ ਪੰਜਾਬ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਉਨਾਂ ਪੂਰੀ ਤਬਾਹ ਹੋਈ ਖੇਤੀ ਜਮੀਨ ਲਈ ਇਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ, ਖੇਤ ਮਜ਼ਦੂਰ ਪਰਿਵਾਰਾਂ ਲਈ ਤੀਹ ਹਜ਼ਾਰ ਰੁਪਏ ਅਤੇ ਨੁਕਸਾਨੇ ਗਏ ਮਕਾਨਾਂ ਲਈ ਵੀ ਇੱਕ ਲੱਖ ਰੁਪਏ ਤੁਰੰਤ ਮਦਦ ਦੀ ਮੰਗ ਕੀਤੀ। ਇਸ ਸਮੇਂ ਕਾਮਰੇਡ ਮੁਖਤਿਆਰ ਸਿੰਘ ਭਾਣਾ, ਬਲਕਾਰ ਸਿੰਘ ਸਹੋਤਾ ਨੇ ਮੰਗ ਕੀਤੀ ਕਿ ਲਗਾਤਾਰ ਬਾਰਸ਼ਾਂ ਕਾਰਨ ਜਿੰਨਾਂ ਮਜ਼ਦੂਰ ਪਰਿਵਾਰਾਂ ਦੇ ਮਕਾਨਾਂ ਦੀ ਛੱਤ ਡਿੱਗਣ ਜਾਂ ਹੋਰ ਨੁਕਸਾਨ ਹੋਇਆ ਹੈ, ਉਨਾਂ ਦੀ ਰਜਿਸਟਰੀ ਦੀ ਸ਼ਰਤ ਬਿਨਾਂ ਇਕ ਲੱਖ ਰੁਪਏ ਮਦਦ ਕੀਤੀ ਜਾਵੇ। ਇਕ ਮਤਾ ਪਾਸ ਕਰਕੇ ਹੜਾਂ ਕਾਰਨ ਹੋਏ ਨੁਕਸਾਨ ਦੀ ਉਚ ਪਧਰੀ ਜਾਂਚ ਕਰਵਾ ਕੇ ਅਣਗਹਿਲੀ ਦੇ ਦੋਸ਼ੀ ਪਾਏ ਗਏ ਅਧਿਕਾਰੀਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਗਈ।

## ਉਭਰਦਾ ਗੀਤਕਾਰ : ਦੀਪਾ ਬੰਡਾਲਾ ਐਡਮਿੰਟਨ ਕਨੇਡਾ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ



ਉਭਰਦਾ ਗੀਤਕਾਰ ਦੀਪਾ ਬੰਡਾਲਾ ਪਿਛਲੇ ਕੁਝ ਸਾਲਾਂ ਤੋਂ ਐਡਮਿੰਟਨ ਵਿਚ ਸਥਾਈ ਤੌਰ ’ਤੇ ਅਪਣੀ ਪਤਨੀ ਸ਼੍ਰੀਮਤੀ ਜੀਵਨ ਕੌਰ ਨਾਲ ਰਹਿ ਰਿਹਾ ਹੈ। ਦੀਪਾ ਬੰਡਾਲਾ ਉਸ ਦਾ ਤਖ਼ਲੁਸ ਹੈ ਪਰ ਉਸ ਦਾ ਨਾਮ ਹਰਦੀਪ ਸਿੰਘ ਹੈ। ਉਹ ਪਿੰਡ ਬੰਡਾਲਾ, ਜ਼ਿਲ੍ਹਾ ਜਾਲੰਧਰ ਦਾ ਰਹਿਣ ਵਾਲਾ ਹੈ। ਉਸ ਨੂੰ ਗੀਤ ਲਿਖਣ ਦਾ ਸ਼ੌਂਕ ਮਿਡਲ ਸਕੂਲ ਵਿਚ ਪੜ੍ਹਦਿਆਂ ਹੀ ਪੈ ਗਿਆ ਸੀ। ਉਸ ਨੇ ਅਨੇਕਾਂ ਹੀ ਪੰਜਾਬੀ ਦੇ ਗੀਤ ਲਿਖੇ ਜੋ ਪ੍ਰਸਿੱਧ ਗਾਇਕਾਂ ਨੇ ਗਾਏ ਹਨ। ਉਸ ਦੇ ਲਿਖੇ ਗੀਤ ਮਨਿੰਦਰ ਬੁੱਟਰ, ਗੈਰੀ ਸੰਧੂ, ਨਸੀਬੋ ਲਾਲ (ਪਾਕਿਸਤਾਨ), ਨਵਦੀਪ ਸਰਾਏ, ਗਗਨ ਬੱਲ, ਸ਼ਰਨ ਮਾਨ, ਰਾਜਾ ਬਰੈਸਟਨ ਆਦਿ ਨੇ ਗਾਏ ਹਨ ਅਤੇ ਮਿਉਜ਼ਿਕ ਦਿੱਤਾ ਹੈ ਪ੍ਰਸਿੱਧ ਮਿਉਜ਼ਿਕ ਡਾਇਰੈਕਟਰ ਰੂਪਿਨ ਕਾਹਲੋਂ ਭਾਰਤ, ਰੋਚ ਕਿਲਾ ਇੰਗਲੈਂਡ, ਪ੍ਰੀਤ ਹੁੰਦਲ, ਫੋਰਡ ਜੀ ਕੇ ਬਰੈਮਟਨ, ਕਨੇਡਾ ਆਦਿ ਨੇ ਪੰਜਾਬੀ ਗੀਤਾਂ ਵਿਚ ਕਈ ਕ੍ਰਾਂਤੀਕਾਰੀ ਪਰਿਵਰਤਨ ਆਏ ਹਨ, ਖ਼ਾਸ ਕਰਕੇ ਪੱਛਮੀ ਸੰਗੀਤਕ ਧੁਨਾਂ, ਜਿੰਨ੍ਹਾਂ ਵਿਚ ਇਕ ਖ਼ਾਸ ਕਿਸਮ ਦਾ ਰਿਧਮ ਹੁੰਦਾ ਹੈ। ਸ਼ਬਦ ਸੰਗੀਤ ਦੇ ਰਿਧਮ ਨਾਲ ਇਸ ਤਰੀਕੇ ਨਾਲ ਗੁੰਦੇ ਹੁੰਦੇ ਹਨ ਕਿ ਸ਼ਬਦਾਂ ਨਾਲੋਂ ਤਰਜ਼ ਮਹੱਤਵ ਪੂਰਨ ਹੋ ਜਾਂਦੀ ਹੈ। ਜੋ ਪ੍ਰਭਾਵਸ਼ਾਲੀ ਤੇ ਕਲਪਨਾਸ਼ੀਲ ਹੁੰਦੀ ਹੈ। ਇਨ੍ਹਾਂ ਗੀਤਾਂ ਵਿਚ ਪ੍ਰਭਾਵ ਤਰਕ ਪਰੀਚਿਤ ਸਾਧਾਰਣ ਭਾਸ਼ਾ ਰੁਚੀ ਪੂਰਨ ਅਤੇ ਜਨ ਸਾਧਾਰਣ ਦੀ ਸਮਝ ਵਿਚ ਆਸਾਨੀ ਨਾਲ ਆਉਂਦੀ ਹੈ। ਪੱਛਮੀ ਸੰਗੀਤ ਚਿੰਨ੍ਹ ਕਾਵਿਆਤਮਿਕ ਖੁਸ਼ਾਮਦ ਕਰਦੇ ਹਨ। ਇਹ ਛੋਟੇ ਛੋਟੇ ਰੁਕਨਾ ਵਾਲੇ ਸਾਧਾਰਣ ਗੀਤ ਭਾਵ ਭਰੇ ਤਾਂ ਹੁੰਦੇ ਹਨ ਪਰ ਸੰਗੀਤ ਦੇ ਜ਼ਰੀਏ ਸ਼ਰੋਤਿਆਂ ਨੂੰ ਉਚੀ ਮਨੋਸਥਿਤੀ ਤਕ ਲੈ ਕੇ ਜਾਂਦੇ ਹਨ। ਰੂਮਾਨੀ ਗਾਣਿਆਂ ਵਿਚ ਇਕ ਸਤੁੰਸ਼ਟ ਕਰਨ ਵਾਲਾ ਭਾਵ ਵਿਅਕਤੀਤਵ ਦਾ ਹਿੱਸਾ ਬਣਦਾ ਹੈ। ਦੀਪਾ ਬੰਡਾਲਾ ਦੇ ਗੀਤਾਂ ਵਿਚ ਸ਼ਬਦਾਂ ਦੀ ਚੋਣ, ਵਿਚਾਰ ਭਾਵਨਾਵਾਂ ਦੀ ਕਾਵਿਆਤਮਿਕ ਅਭਿ ਵਿਅਕਤੀ ਹੁੰਦੀ ਹੈ। ਗੀਤਾਂ ਦੇ ਰੁਕਣਾ ਅਤੇ ਤਾਜ਼ ਬਹੁਤ ਹੀ ਸੁੰਦਰ ਅਤੇ ਭਾਵਨਾਤਮਿਕ ਸ਼ਬਦਾਂ ਦਾ ਉਪਯੋਗ ਅਤਿ ਸਰਲੀਕਰਣ ਅਤੇ ਕੁਸ਼ਲ ਸ਼ਿਲਪੀ ਦੀ ਕਲਾ ਕੌਸ਼ਲ ਵਾਲਾ ਹੁੰਦਾ ਹੈ। ਪੰਜਾਬੀ ਅਤੇ ਪੱਛਮੀ ਸੰਗੀਤ ਦੇ ਛੋਟੇ-ਛੋਟੇ ਰੁਕਨ, ਠਹਿਰਾਉ, ਉਤਾਰ, ਚੜ੍ਹਾਵ, ਪੰਜਾਬੀ ਗੀਤਾਂ ਵਿਚ ਇਕ ਨਵਾਂ ਯੁੱਧ ਮੰਨਿਆ ਜਾਂਦਾ ਹੈ। ਕਿਉਂਕਿ ਵਿਦੇਸ਼ਾਂ ਵਿਚ ਰਹਿੰਦੇ ਬੱਚੇ ਪੱਛਮੀ ਅਤੇ ਪੰਜਾਬੀ ਸੰਗੀਤ ਦੇ ਮਿਸ਼ਰਣ ਨੂੰ ਪਸੰਦ ਕਰਦੇ ਹਨ। ਜਿਸ ਕਰਕੇ ਪੋਪ ਸੰਗੀਤ ਦਾ ਰੁਝਾਨ ਵਧ ਰਿਹਾ ਹੈ। ਦੀਪਾ ਦੇ ਗੀਤਾਂ ਵਿਚ ਆਸਾਨ ਸ਼ਬਦਾਂ ਦੀ ਬਹੁਲਤਾ ਅਤੇ ਜੀਵਨ ਦੇ ਤਾਣੇ-ਬਾਣੇ ਵਾਲੇ ਵਰਤਮਾਨ ਮਾਹੌਲ ਦਾ ਪ੍ਰਭਾਵ ਅਪਣੇਂ ਚਿੰਨ੍ਹ ਛਡਦਾ ਹੋਇਆ ਲੋਕਾਂ ਦੀ ਪੰਸਦਤਾ ਦੇ ਅਨੁਕੂਲ ਹੋ ਨਿਬੜਦਾ ਹੈ। ਵਰਤਮਾਨ ਸਮੇਂ ਦੇ ਹਾਣ ਦੇ ਗੀਤ ਲਿਖਣਾ ਸ਼ਰੋਤਿਆਂ ਨੂੰ ਤਰਜ਼ੀਹ ਦਿੰਦਾ ਹੈ। ਜੀਵਨ ਦੇ ਆਧੁਨਿਕ ਦ੍ਰਿਸ਼ਟੀਕੋਣ ਉਸ ਦੇ ਗੀਤਾਂ ਵਿਚ ਝਲਕਦੇ ਹਨ।ਉਸ ਦੇ ਕਈ ਗੀਤ ਮਸ਼ਹੂਰ ਹੋਏ ਜਿੰਨ੍ਹਾਂ ’ਚੋਂ ਦੀਪੇ ਕੋਲੋਂ ਕਿਸੇ ਹੋਰ ਦਾ ਹੋਇਆ ਨਈਂਉ ਜਾਣਾ, ਕੱਠੇ ਰਹਿ ਜੇ ਨਾ ਹੋਇਆ ਦੂਰ ਹੋਇਆ ਵੀ ਨਈਂ ਜਾਣਾ। ਤੇਰਾ ਵੀ ਦਿਲ ਟੁੱਟਣਾ ਦਿਲ ਤੋੜਣ ਵਾਲੀਏ। ਬੇਬੇ ਮੰਨਦੀ ਨਾ ਮੇਰੀ ਸੁਣ ਸੋਹਣਿਆ ਵੇ ਮੈਂ ਤੇਰੇ ਨਾਲ ਵਿਆਹ ਕਰਵਾਉਣਾ ਆਦਿ। ਵਿਦੇਸ਼ਾ ਵਿਚ ਰਹਿ ਕੇ ਵੀ ਪੰਜਾਬੀ ਗੀਤਕਾਰਾਂ, ਕਲਾਕਾਰਾਂ ਨੇ ਅਪਣੀ ਕਲਾ ਦੇ ਝੰਡੇ ਬੁਲੰਦ ਕੀਤੇ ਹਨ। ਵਿਦੇਸ਼ੀ ਲੋਕ ਵੀ ਪੰਜਾਬੀ ਧੁਨਾਂ-ਗੀਤ ਸ਼ੌਂਕ ਨਾਲ ਸੁਣਦੇ ਹਨ। ਭਵਿੱਖ ਵਿਚ ਆਮ ਹੈ ਕਿ ਦੀਪਾ ਬੰਡਾਲਾ ਹੋਰ ਵਧੀਆ ਗੀਤ ਲਿਖ ਕੇ ਦੇਸ਼-ਵਿਦੇਸ਼ ਦੇ ਸ਼ਰੋਤਿਆਂ ਦੇ ਮਨ ਮੋਹ ਲਵੇਗਾ। ਉਸ ਦਾ ਮੋਬਾਇਲ ਨੰਬਰ +14163996594 ਹ

## ਪੰਜਾਬੀ




ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਮੇਰਾ ਪੁੱਤ ਪੰਜਾਬੀ ਬੋਲੇ ਨੀ
ਮੇਰੇ ਦਿਲ ਦੇ ਦਰਦ ਫਰੋਲੇ ਨੀ

ਮਾਖਿਓਂ ਮਿੱਠੀਆਂ ਗੱਲਾਂ ਕਰਦਾ
ਗਾਉਂਦਾ ਹੈ ਗੁਰੂ ਦੇ ਸੋਹਲੇ ਨੀ

ਮੇਰਾ ਪੁੱਤ ਪੰਜਾਬੀ ਬੋਲੇ ਨੀ
ਕੰਨਾਂ ਵਿੱਚ ਮਿਸ਼ਰੀ ਘੋਲੇ ਨੀ

ਓਹ ਚੌਵੀ ਕੈਰਟ ਦੇ ਸੋਨੇਂ ਵਰਗਾ
ਓਹ ਸਦਾ ਸੱਚ ਤਰਾਜੂ ਤੋਲੇ ਨੀ

ਜਿੱਥੇ ਜਾਕੇ ਵੀ ਬਹਿ ਜਾਂਦਾ ਹੈ ਉ
ਜ਼ਿੰਦਰੇ ਬੰਦ ਦਿਲਾਂ ਦੇ ਖੋਲ੍ਹੇ ਨੀ

ਮੇਰਾ ਪੁੱਤ ਪੰਜਾਬੀ ਬੋਲੇ ਨੀ
ਕੰਨਾਂ ਵਿੱਚ ਮਿਸ਼ਰੀ ਘੋਲੇ ਨੀ

ਸਿਫ਼ਤਾਂ ਸਭ ਦੀਆਂ ਗਿਣਦਾ ਉ
ਨਾ ਕਮੀਆਂ ਵਿੱਚ ਕਿਸੇ ਦੇ ਟੋਲੇ ਨੀ

ਕੁੜੀਆਂ ਕੋਲੋਂ ਸੰਗਦਾ ਰਹਿੰਦਾ ਹੈ
ਓਹ ਕਦਮ ਟਿਕਾਓਂਦਾ ਪੋਲੇ ਨੀ

ਮੇਰਾ ਪੁੱਤ ਪੰਜਾਬੀ ਬੋਲੇ ਨੀ
ਕੰਨਾਂ ਵਿੱਚ ਮਿਸ਼ਰੀ ਘੋਲੇ ਨੀ

ਹੌਸਲਾ ਬੇਕਦਰੇ, ਵਿੱਚ ਬੜਾ ਹੈ
ਨਾ ਕਦਮ ਕਦਮ ਤੇ ਡੋਲੇ ਨੀ

ਸਾਦਗੀ ਦੇ ਵਿੱਚ ਰਹਿੰਦਾ ਹੈ
ਨਾ ਰੱਖਦਾ ਹੈ ਕੋਈ ਓਹਲੇ ਨੀ

ਮੇਰਾ ਪੁੱਤ ਪੰਜਾਬੀ ਬੋਲੇ ਨੀ
ਕੰਨਾਂ ਵਿੱਚ ਮਿਸ਼ਰੀ ਘੋਲੇ ਨੀ

## ਚੱਲੋ ਟਿਮ ਹੋਰਟਨ ਚੱਲਦੇ ਹਾਂ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰਮੀ

ਪੁੱਛਦੇ ਨੇ ਕਦੀ
ਕੁਝ ਮੇਲ ਪਰਸਨਜ਼
ਚੱਲੋ ਟਿਮ ਹੋਰਟਨ ਚੱਲਦੇ ਹਾਂ
ਪਹਿਲਾਂ ਗੱਲ-ਬਾਤ ਦਾ

ਸਿਲਸਿਲਾ ਇਸ ਤਰਾਂ ਸ਼ੁਰੂ ਕਰ
ਭਰਮਾਉਣਾ ਚਾਹੁੰਦੇ ਹਨ ਔਰਤਾਂ ਨੂੰ
ਤੁਸੀਂ ਪਹਿਲਾਂ ਕਿੱਥੇ ਰਹਿੰਦੇ ਸੀ
ਕਰਦੇ ਕੀ ਸੀ , ਕਦੀ ਦੇਖਿਆ ਨਹੀਂ

ਪਰ ਹੁਣ ਬਹੁਤ ਛਾਏ ਪਏ ਹੋ
ਸੱਚੀਂ ਬਹੁਤ ਅੱਛੇ ਹੋ ਤੁਸੀਂ
ਚੱਲੋ ਟਿਮ ਹੋਰਟਨ ਚੱਲਦੇ ਹਾਂ
ਬੈਠ ਕੇ ਕਾਫ਼ੀ ਪੀਂਦੇ ਹਾਂ
ਨਹੀਂ ਮੈਂ ਕਾਫ਼ੀ ਨਹੀਂ ਪੀਂਦੀ
ਰਿਸ਼ਤਾ ਖ਼ਤਮ ਬੋਲਚਾਲ ਬੰਦ ।

ਕੋਈ ਹੋਰ ਮਿਲੇਗਾ ਤੇ
ਫਿਰ ਉਸੇ ਲਹਿਜ਼ੇ ਵਿੱਚ
ਗੱਲ-ਬਾਤ ਕਰਨਗੇ ਤੇ ਕਹਿਣਗੇ
ਤੁਸੀਂ ਪੋਇਟਰੀ ਬਹੁਤ ਸੋਹਣੀ ਲਿਖਦੇ ਹੋ

ਸੱਚੇ ਅਹਿਸਾਸ ਲਿਖੇ ਹੁੰਦੇ ਹਨ
ਆਈ ਲਵ ਯੂਅਰ ਪੋਇਟਰੀ
ਚੱਲੋ ਟਿਮ ਹੋਰਟਨ ਚੱਲਦੇ ਹਾਂ
ਬੈਠ ਕੇ ਕਾਫ਼ੀ ਪੀਂਦੇ ਹਾਂ

ਗੱਪ-ਸ਼ੱਪ ਵੀ ਹੋ ਜਾਏਗੀ
ਨਹੀਂ ਮੈਂ ਕਾਫ਼ੀ ਨਹੀਂ ਪੀਂਦੀ
ਰਿਸ਼ਤਾ ਖ਼ਤਮ ਹੁਣ ਪੋਇਟਰੀ
ਵੀ ਚੰਗੀ ਨਹੀਂ ਲੱਗਦੀ

ਕਿਉਂਕਿ ਉਸ ਪਰਸਨ ਦੀ
ਆਫ਼ਰ ਠੁਕਰਾ ਦਿੱਤੀ ਸੀ ਮੈਂ
ਇਹ ਕਹਿ ਕੇ ਕਿ
ਮੈਂ ਕਾਫ਼ੀ ਨਹੀਂ ਪੀਂਦੀ
ਰਿਸ਼ਤਾ ਖ਼ਤਮ ।

ਕੋਈ ਹੋਰ ਕਹਿੰਦਾ
ਜ਼ੂਮ ਤੇ ਤੁਹਾਡੇ ਪ੍ਰੋਗਰਾਮ
ਬਹੁਤ ਵਧੀਆ ਹੁੰਦੇ ਹਨ
ਕਦੀ ਕਿਸੇ ਦੇ ਅੱਜ-ਤੱਕ

ਇਸ ਤਰਾਂ ਦੇ ਪ੍ਰੋਗਰਾਮ ਨਹੀਂ ਦੇਖੇ
ਸੱਚੀਂ ਤੁਸੀਂ ਬਹੁਤ ਚੰਗੇ ਹੋ
ਕਿਵੇਂ ਸੱਭ ਨੂੰ ਜੋੜ ਕੇ ਰੱਖਦੇ ਹੋ
ਚੱਲੋ ਟਿਮ ਹੋਰਟਨ ਚੱਲਦੇ ਹਾਂ

ਬੈਠ ਕੇ ਕਾਫ਼ੀ ਪੀਂਦੇ ਹਾਂ
ਨਹੀਂ ਮੈਂ ਕਾਫ਼ੀ ਨਹੀਂ ਪੀਂਦੀ
ਤੁਹਾਨੂੰ ਪਿਕ ਵੀ ਕਰ ਲਵਾਂਗੇ
ਤੇ ਡਰੋਪ ਵੀ ਕਰ ਦਿਆਂਗੇ

ਮੈਂ ਕਿਹਾ ਨਾ ਕਿ
ਮੈਂ ਕਾਫ਼ੀ ਨਹੀਂ ਪੀਂਦੀ
ਰਿਸ਼ਤਾ ਖ਼ਤਮ ।


ਮੇਲ ਮੈਂਬਰਜ਼ ਦੀ ਆਫ਼ਰ ਹੁੰਦੀ ਸੀ ਇਹ
ਸੋਚਿਆ ਹੋਏਗਾ ਉਹਨਾਂ ਕਿ
ਸ਼ਾਇਦ ਮੂੰਹ ਚੁੱਕ ਕੇ
ਤੁਰ ਪਏਗੀ ਸਾਡੇ ਨਾਲ ਇਹ

ਸਮਝ ਨਹੀਂ ਸਕੀ ਅੱਜ-ਤੱਕ ਕਿ
ਟਿਮ ਹੋਰਟਨ ਵਿੱਚ ਐਸਾ ਕੀ ਹੈ
ਕਾਫ਼ੀ ਪੀਣ ਦੀ ਆਫ਼ਰ ਕਿਉਂ , ਕਿ
ਚੱਲੋ ਕਾਫ਼ੀ ਪੀਂਦੇ ਹਾਂ ।

ਮੈਂ ਪੁੱਛਦੀ ਹਾਂ ਆਪਣੀਆਂ ਦੋਸਤਾਂ ਨੂੰ
ਚੱਲੋ ਟਿਮ ਹੋਰਟਨ ਚੱਲਦੇ ਹਾਂ
ਬੈਠ ਕੇ ਕਾਫ਼ੀ ਪੀਂਦੇ ਹਾਂ
ਕਿਉਂ ਕਹਿੰਦੇ ਨੇ ਇਹ ਮਰਦ ਲੋਕ

ਔਰਤਾਂ ਨੂੰ ਇਸ ਤਰਾਂ
ਚੱਲੋ ਟਿਮ ਹੋਰਟਨ ਚੱਲਦੇ ਹਾਂ
ਬੈਠ ਕੇ ਕਾਫ਼ੀ ਪੀਂਦੇ ਹਾਂ
ਚੱਲੋ ਟਿਮ ਹੋਰਟਨ ਚੱਲਦੇ ਹਾਂ ।

## ਇੰਡੀਆ ਬਨਾਮ ਯੂਰਪ INDIA v/s EUROPE




ਇੰਡੀਆ:-
"ਭਾਵੇਂ ਲੱਖ ਅਮੀਰ ਤੂੰ ਯੂਰਪਾ ਵੇ,
ਪਰ ਸਾਡੇ ਜਿਹਾ ਸਦਾਚਾਰ ਹੈ ਨੀ।

ਭੈਣਾਂ ਭਾਈਆਂ ਦੇ ਪਿਆਰ ਤੇ ਮੋਹਰ ਲਾਵੇ,
ਕੋਲ਼ ਰੱਖੜੀ ਜਿਹਾ ਤਿਉਹਾਰ ਹੈ ਨੀ।

ਧੀਆਂ-ਭੈਣਾਂ ਨਾ ਦੇਵੀਆਂ ਵਾਂਗ ਮੰਨੇ,
ਕੰਜਕਾਂ ਪੂਜਣ ਦਾ ਚੱਜ ਆਚਾਰ ਹੈ ਨੀ।

ਮੰਨੇ ਪਤੀ ਨੂੰ ਰੂਪ ਪ੍ਰਮਾਤਮਾ ਦਾ,
ਥੋਡੀ ਨਾਰਾਂ ਦੇ ਐਸੇ ਵਿਚਾਰ ਹੈ ਨੀ।

ਗੁਰੂਆਂ, ਪੀਰਾਂ, ਫਕੀਰਾਂ, ਔਲੀਆਂ ਦਾ,
ਰੱਬ ਵਰਗਾ ਥੋਡੇ ਸਤਿਕਾਰ ਹੈ ਨੀ।

ਖੁੱਲੇ ਲੰਗਰ, ਛਬੀਲਾਂ, ਕਾਰ ਸੇਵਾ,
ਲੋੜਵੰਦਾਂ ਲਈ ਖੁੱਲ੍ਹੇ ਭੰਡਾਰ ਹੈ ਨੀ।

ਸਾਂਝ, ਪਿਆਰ, ਮੁਹੱਬਤਾਂ, ਭਾਈਚਾਰੇ,
'ਭਲੇ ਸਰਬੱਤ ਦੇ' ਜਿਹੇ ਵਿਚਾਰ ਹੈ ਨੀ।"

ਯੂਰਪ:-
"ਸੋਲ਼ਾਂ ਆਨੇ ਹੈ ਗੱਲ ਸਦਾਚਾਰ ਵਾਲੀ,
ਨਹੀਂ ਮੈਂ ਸੱਚੀਉਂ ਨਕਲ ਉਤਾਰ ਸਕਦਾ।

ਐਪਰ ਦੋਹਰਾ ਮੇਰਾ ਕਿਰਦਾਰ ਹੈ ਨੀ,
ਧੀਆਂ ਕੁੱਖ ਦੇ ਵਿੱਚ ਨਹੀਂ ਮਾਰ ਸਕਦਾ।

ਨੂੰਹ ਨੂੰ ਸਮਝ ਕੇ ਧੀ ਬੇਗਾਨਿਆਂ ਦੀ,
ਦਾਜ ਖਾਤਰ ਨਹੀਂ ਕਦੇ ਵੀ ਸਾੜ ਸਕਦਾ।

ਜਾਂ ਫਿਰ ਝੂਠੇ ਦਹੇਜ ਦੇ ਕੇਸ ਅੰਦਰ,
ਰਗੜ ਮਾਪੇ ਨਾ ਹੋਰ ਰਿਸ਼ਤੇਦਾਰ ਸਕਦਾ।

ਸ਼ਰਧਾ ਵੋਟਾਂ 'ਚ ਨਹੀਂ ਤਬਦੀਲ ਕਰਦਾ,
ਧਰਮ ਦੇ ਨਾਂ ਤੇ ਨਾ ਕਰ ਵਪਾਰ ਸਕਦਾ।

ਨਕਲੀ ਬੀਜ, ਦਵਾਈਆਂ 'ਤੇ ਖਾਧ ਚੀਜ਼ਾਂ,
ਸੁਪਨੇ ਵਿੱਚ ਵੀ ਨਾ ਕਰ ਤਿਆਰ ਸਕਦਾ।

ਪੌੜੀ ਚੜ੍ਹੇ ਘੜਾਮੇਂ ਕੋਈ ਰੋਮੀ ਵਰਗਾ,
ਲੱਤਾਂ ਖਿੱਚ ਕੇ ਥੱਲੇ ਨਹੀਂ 'ਤਾਰ ਸਕਦਾ।"

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

## ਮਾਮਲਾ ਸਮਾਜ ਅੱਗੇ ਲਿਆਓ




ਹਾਂ ਜੀ ਪ੍ਰਿੰਟ ਮੀਡੀਆ ਹੋਵੇ ਚਾਹੇ ਡਿਜੀਟਲ ਤੇ ਵੱਖ ਵੱਖ ਸਮਾਜਿਕ ਮੀਡੀਏ ਜਿਵੇਂ ਕਿ ਇਹੇ ਫੇਸ ਬੁੱਕ ਉਦਾਹਰਣ ਵੱਜੋਂ ਤੇ ਬਾਕੀ ਹੋਰ ਵੀ ਨੇ।
ਅਸੀਂ ਸਾਰੇ ਸਮਾਜ ਦਾ ਹਿੱਸਾ ਹਾਂ ਤੇ ਸਾਡੇ ਆਲੇ ਦੁਆਲੇ ਦੇ ਸਮਾਜਿਕ ਦਾਇਰੇ ਅੰਦਰ ਜੇਕਰ ਸ਼ਰਾਰਤੀ ਨੇ।
ਮਾਮਲਾ ਸਮਾਜ ਅੱਗੇ ਲਿਆਓ
ਅਸੀਂ ਅੱਖਾਂ ਨਹੀਂ ਮੀਚਣੀਆ ਨੇ। ਸਾਡੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਉਸ ਨੂੰ ਸਮਾਜ ਅੱਗੇ ਰੱਖੀਏ। ਸਰਕਾਰ ਤੱਕ,ਸਾਡੇ ਪ੍ਰਬੰਧਕਾਂ ਤੱਕ ਨੁਮਾਇੰਦਿਆਂ ਤੱਕ ਪਹੁੰਚਦਾ ਕਰੀਏ। ਸਾਡੇ ਪਿੰਡ ਦਾ ਨਾ ਹੈ ਬਸੰਤ ਨਗਰ ਤੇ ਡਾ:ਖਾਨਾ ਪੈਂਦਾ ਪ੍ਰਤਾਪ ਸਿੰਘ ਵਾਲਾ। ਹੰਬੜਾਂ ਰੋਡ,ਵਿਧਾਨ ਸਭਾ ਹਲਕਾ ਗਿੱਲ ਤੇ ਲੋਕ ਸਭਾ ਭੀ ਲੁਧਿਆਣਾ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

ਸਾਡੇ ਪਿੰਡ ਦੀ ਸੜਕ ਦੇਖ ਜੋ,
ਕਿੰਨੇ ਟੋਏ ਟੱਪੇ ਬਣਗੇ ਚਿੱਕੜ
ਛੋਟੇ ਹਾਥੀ ਮਸਾ ਨਿੱੱਕਲਦੇ ਜੋ।
ਐਕਟਿਵਾ ਬੀਬੀਆ ਅੜਕਦੀਆਂ
ਗੱਲਾਂ ਕਰਦੀਆਂ ਸੜਕ ਦੀਆਂ ਜੋ।
ਸਿਆਸਤਦਾਨੋ ਤੇ ਨੇਤਾ ਜੀਓ ਆਖਾਂਗੇ ਆਓ ਜੀ!
ਜੀ ਆਇਆਂ ਨੂੰ!
ਧੰਨਭਾਗ ਸਾਡੇ!
ਦਰਸ਼ਨ ਹੋਏ ਤੁਹਾਡੇ!
ਜਿੱਤਣ ਤੋਂ ਬਾਅਦ ਤਾਂ ਸੁਖ ਨਾਲ ਤੁਸੀਂ ਆਏ ਨਹੀਂ ਮੇਰੇ ਨੇਤਾ ਜੀ।
ਐਮ ਐਲ ਏ ਵੀ ਬਣਿਆ ਇੱਕ ਦਾ
ਜਿੱਤਣ ਬਾਅਦ ਨਾ ਵੱਜੀ ਗੇੜੀ ਜੀ।
ਐਮ ਪੀ ਬਣਿਆ ਦੂਜੀ ਪਾਰਟੀ ਦਾ ਵੋਟਾਂ ਨੂੰ ਗੱਡੀ ਤੇ ਗੱਡੀ ਬੁੜਕਦੀ ਜੀ।ਵੰਡ ਕੰਮ ਕਰਦੇ, ਤੇ ਕਰਦੇ ਨੇ ਜੰਮਕੇ
ਅੰਗਲੀਆਂ ਸੰਗਲੀਆਂ ਕੱਢਦੇ ਜੀ।
ਸਿਫਤਾਂ ਪਾਰਟੀ ਦੀਆਂ ਤੇ ਲਾਰੇ ਵੀ ਪ੍ਰਧਾਨ ਵੀ ਸਭ ਦੇ ਪਧਾਰ ਦੇ ਨੇ ਜੀ।
ਹਾਂ ਕਈ ਕਈ ਵੱਡੀਆਂ ਗੱਡੀਆਂ ਸੀ ਉਹਨਾਂ ਦੇ ਝੰਡੀਆਂ ਵੀ ਲੱਗੀਆਂ ਜੀ।
ਇੱਕ ਪਾਸੇ ਗਰੰਟੀਆਂ ਤੇ ਹਜ਼ਾਰ ਸੀ
ਨ੍ਹੇਰੀ ਰਾਜਨੀਤੀ ਨੂੰ ਬਦਲਣ ਦੀ ਜੀ।
ਲੋਕ ਤੁਹਾਨੂੰ ਜਿਤਾਉਣ ਦੇ ਦ੍ਰਿੜ ਸੀ ਪੁਰਾਣੀਆਂ ਪਾਰਟੀਆਂ ਤੋਂ ਅੱਕੇ ਜੀ।
ਘਰ ਘਰ ਘੁੰਮੇ ਤੁਹਾਨੂੰ ਪਰਚਾਰਿਆ,
ਭਮੱਕੜ ਖੜਦੇ, ਲੈਕੇ ਤੱਖਤੀਆਂ ਜੀ।
ਗਰਮੀ ਦੇਖੀ ਨਾ ਸਰਦੀ ਸਿਰ ਟੋਪੀ
ਆਪੋ ਆਪਣੇ ਸਾਧਨ ਜੈ ਕੇਜਰੀ ਜੀ।
ਲੋਕ ਪੰਜੇ,ਤੱਕੜੀ ਕਮਲ ਤੇ ਗੁੱਸੇ ਸਨ
ਬੇਅਦਬੀਆਂ,ਸਾਧ ਦੀ ਮੁਆਫੀ ਜੀ।
ਪੰਜਾਬ ਕਰਜ਼ੇ ਤੇ ਨਸ਼ਿਆਂ ਤੋੜਿਆ
ਖੁਦਕੁਸ਼ੀ ਤੇ ਉਵਰਡੋਜ਼ ਦੈਂਤ ਦਰ ਜੀ।
ਜਵਾਨੀ ਤੁਰਗੀ ਮੁਲਕ ਬਾਹਰਲੇ
ਬੁੜੇ ਬੁੜੀਆਂ ਨੇ ਸੰਭਾਲੇ ਘਰ ਜੀ।
ਲੋਕਾਂ ਨੇ ਹਰਾਇਆ ਪੁਰਾਣੀਆਂ ਨੂੰ
ਬੌਂਕਰ ਪਾਰਟੀ ਨੂੰ ਜਿਤਾਇਆ ਜੀ।
ਪਾਣੀ,ਮਕਾਨ ਰਜਿਸਟਰੀਆਂ ਨਹੀਂ
ਸੜਕਾਂ ਤੇ ਟੋਏ,ਪਾਣੀ ਨਾਲ ਭਰੋਏ
ਹੁਣ ਤਾਂ ਬਣ ਗਏ ਨੇ ਪੱਕੇ ਢਾਬ ਜੀ।
ਫਸਦੇ ਟਰੱਕ, ਆਟੋ,ਛੋਟੇ ਹਾਥੀ ਹੁਣ
ਗਰੇਵਾਲ ਕਿੰਨੀ ਜਨਤਾ ਪ੍ਰੇਸ਼ਾਨ ਜੀ।
ਹੰਬੜਾਂ ਰੋਡ ਤੇ ਲਾਡੋਵਾਲ ਚੌਂਕ ਤੋਂ ਥੋੜਾ
ਪਹਿਲਾਂ ਪ੍ਰਤਾਪ ਪੁਰੇ ਵਾਲੇ ਪਾਸੇ ਜੀ। ਖੱਡਾ ਹੈ ਵੱਡਾ, ਜੋ ਹੁਣ
ਢਾਬ ਹੋਇਆ
ਨਿੱੱਤ ਡਿੱਗਦੇ ਲੋਕੀ ਬੇਹਾਲ ਇੱਥੇ ਜੀ।
ਹਲਕਾ ਗਿੱਲ ਤੋਂ ਸੰਗੋਵਾਲ ਸਾਬ ਹੈ
ਸੱਤਾਧਾਰੀ ਧਿਰ ਦਾ ਵਿਧਾਇਕ ਜੀ।



## ਹੇ ਪੈਗੰਬਰ (ਸ.ਅ.ਵ.), ਤੁਹਾਡੇ ਪਵਿੱਤਰ ਜੀਵਨ ਦੇ ਹਰ ਪਲ ਤੁਹਾਡੇ ਉੱਤੇ ਸ਼ਾਂਤੀ ਹੋਵੇ।




ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਪੈਗੰਬਰ (ਸ.ਅ.ਵ.) ਦਾ ਪਿਆਰ ਇੱਕ ਅਜਿਹਾ ਜਨੂੰਨ ਹੈ ਕਿ ਮੇਰੇ ਵਰਗਾ ਝੂਠਾ ਸੇਵਕ ਵੀ ਇਸਨੂੰ ਪ੍ਰਗਟ ਕਰ ਸਕਦਾ ਹੈ, ਅਤੇ ਇਹ ਸੱਚੀ ਸ਼ਰਧਾ ਬਣ ਜਾਂਦਾ ਹੈ। ਪਰ ਮੈਂ ਇਸ ਸੱਚੀ ਸ਼ਰਧਾ ਦੀ ਦਿਸ਼ਾ ਨੂੰ ਉਸ ਸੱਚੇ ਜੀਵ ਵੱਲ ਮੋੜਨਾ ਚਾਹੁੰਦਾ ਹਾਂ ਜੋ ਸੱਚਮੁੱਚ ਯੋਗ ਹੈ। ਪੈਗੰਬਰ ਮੁਹੰਮਦ (ਸ.ਅ.ਵ.) ਦੇ ਵਿਸ਼ਵਾਸ-ਪ੍ਰੇਰਨਾਦਾਇਕ ਕੰਮਾਂ ਵਿੱਚੋਂ ਇੱਕ ਮਹਿਮੂਦ ਗਜ਼ਨਵੀ ਦਾ ਨਾਮ ਹੈ। ਈਰਾਨੀ ਰਾਜਦੂਤ ਇਸ ਗੱਦੀ 'ਤੇ ਬਿਰਾਜਮਾਨ ਗੁਲਾਮ ਮੁਹੰਮਦ (ਸ.ਅ.ਵ.) ਦੇ ਕੋਲ ਬੈਠਾ ਸੀ ਜਦੋਂ ਉਸਨੇ ਆਪਣੇ ਸੇਵਕ ਨੂੰ ਬੁਲਾਇਆ। ਹਸਨ। ਅਤੇ ਹਸਨ ਪਾਣੀ ਦਾ ਜੱਗ ਲੈ ਕੇ ਆਇਆ। ਮਹਿਮੂਦ ਗਜ਼ਨਵੀ ਜੱਗ ਲੈ ਕੇ ਇਸ਼ਨਾਨ ਕਰਨ ਚਲਾ ਗਿਆ। ਈਰਾਨੀ ਰਾਜਦੂਤ ਨੇ ਹਸਨ ਨੂੰ ਪੁੱਛਿਆ ਕਿ ਮਹਿਮੂਦ ਗਜ਼ਨਵੀ ਨੇ ਸਿਰਫ਼ ਤੁਹਾਨੂੰ ਬੁਲਾਇਆ ਹੈ ਅਤੇ ਤੁਸੀਂ ਪਾਣੀ ਲੈ ਕੇ ਆਏ ਹੋ। ਤੁਹਾਨੂੰ ਕਿਵੇਂ ਪਤਾ ਲੱਗਾ ਕਿ ਮਹਿਮੂਦ ਨੂੰ ਪਾਣੀ ਦੀ ਲੋੜ ਹੈ? ਹਸਨ ਨੇ ਜਵਾਬ ਦਿੱਤਾ ਕਿ ਮੇਰਾ ਪੂਰਾ ਨਾਮ ਮੁਹੰਮਦ ਹਸਨ ਹੈ ਅਤੇ ਮਹਿਮੂਦ ਗਜ਼ਨਵੀ ਮੈਨੂੰ ਸਿਰਫ਼ ਹਸਨ ਨਾਮ ਨਾਲ ਬੁਲਾਉਂਦੇ ਹਨ ਜਦੋਂ ਉਹ ਇਸ਼ਨਾਨ ਨਹੀਂ ਕਰਦਾ ਕਿਉਂਕਿ ਉਸਨੇ ਕਦੇ ਵੀ ਇਸ਼ਨਾਨ ਕੀਤੇ ਬਿਨਾਂ ਮੁਹੰਮਦ (ਸ.ਅ.ਵ.) ਦਾ ਨਾਮ ਨਹੀਂ ਲਿਆ।

ਹਜ਼ਰਤ ਫਖਰੂਦੀਨ ਸਿਆਲਵੀ (ਰ) ਆਪਣੀਆਂ ਕਵਿਤਾਵਾਂ ਵਿੱਚ ਇਸੇ ਸਾਹਿਤ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ:
ਬਾਬ ਜਿਬਰਾਈਲ (ਰ) ਦੇ ਪਾਸੇ, ਦੂਰੋਂ,
ਫਖਰੂਦੀਨ ਜਿਬਰਾਈਲ (ਰ) ਇਹ ਕਹਿੰਦੇ ਹੋਏ ਮਿਲੇ:

ਆਪਣੀਆਂ ਪਲਕਾਂ ਨਾਲ ਦਰਿਆ 'ਤੇ ਦਸਤਕ ਦਿਓ
ਇੱਕ ਉੱਚੀ ਆਵਾਜ਼ ਸੁਣਾਈ ਦਿੱਤੀ, ਅਤੇ ਜ਼ਿੰਦਗੀ ਦੀ ਪੂੰਜੀ ਗੁਆਚ ਗਈ

ਹਰ ਮੁਸਲਮਾਨ ਲਈ, ਸਭ ਤੋਂ ਵੱਡਾ ਨਾਮ ਦੁਰੂਦ ਪਾਕ ਹੈ। ਹਜ਼ਰਤ ਪੈਗੰਬਰ (ਰ) ਕਹਿੰਦੇ ਹਨ ਕਿ ਇਸ ਦੁਨੀਆਂ ਅਤੇ ਪਰਲੋਕ ਵਿੱਚ ਮੇਰੇ ਸਭ ਤੋਂ ਨੇੜੇ ਦਾ ਵਿਅਕਤੀ ਉਹ ਹੋਵੇਗਾ ਜੋ ਮੇਰੇ 'ਤੇ ਸਭ ਤੋਂ ਵੱਧ ਦੁਰੂਦ ਪਾਕ ਭੇਜਦਾ ਹੈ, ਅਤੇ ਹਜ਼ਰਤ ਪੈਗੰਬਰ (ਰ) ਦੇ ਸਭ ਤੋਂ ਨੇੜੇ ਦਾ ਵਿਅਕਤੀ ਖੁਦ ਰੱਬ ਹੈ, ਜੋ ਕਹਿੰਦਾ ਹੈ: ਮੈਂ ਅਤੇ ਮੇਰੇ ਦੂਤ ਹਮੇਸ਼ਾ ਮੁਹੰਮਦ (ਰ) 'ਤੇ ਦੁਰੂਦ ਪਾਕ ਭੇਜਦੇ ਹਨ। ਹੇ ਵਿਸ਼ਵਾਸ ਕਰਨ ਵਾਲਿਓ, ਤੁਸੀਂ ਵੀ ਉਸ 'ਤੇ ਦੁਰੂਦ ਪਾਕ ਭੇਜੋ।

ਮਨ ਹੈਰਾਨੀ ਦੀਆਂ ਵਾਦੀਆਂ ਵਿੱਚ ਭਟਕਦਾ ਰਹਿੰਦਾ ਹੈ ਜਦੋਂ ਮੈਂ ਸੋਚਦਾ ਹਾਂ ਕਿ ਰੱਬ ਆਪਣੇ ਕਿਸੇ ਵੀ ਜੀਵ ਨੂੰ ਕਿਸੇ ਕੰਮ ਨਾਲ ਨਹੀਂ ਜੋੜਦਾ, ਪਰ ਉਹ ਖੁਦ ਸਾਨੂੰ ਪਵਿੱਤਰ ਅਸੀਸਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ। ਸਾਡੇ ਵੱਲੋਂ ਭੇਜੀਆਂ ਗਈਆਂ ਅਸੀਸਾਂ ਪਹਿਲਾਂ ਖੁਦ ਪਰਮਾਤਮਾ ਸੁਣਦਾ ਹੈ, ਅਤੇ ਉਹ ਸਾਡੀਆਂ ਕਮੀਆਂ ਨੂੰ ਦੂਰ ਕਰਦਾ ਹੈ, ਉਹਨਾਂ ਨੂੰ ਆਪਣੇ ਪਿਆਰੇ ਦੀ ਮਹਿਮਾ ਦੇ ਅਨੁਸਾਰ ਬਣਾਉਂਦਾ ਹੈ, ਅਤੇ ਉਹਨਾਂ ਨੂੰ ਮੁਹੰਮਦ ਦੇ ਦਰਬਾਰ ਵਿੱਚ ਭੇਜਦਾ ਹੈ, ਅਤੇ ਨਾਲ ਹੀ, ਇਸ ਪਵਿੱਤਰ ਅਸੀਸ ਦੇ ਕਾਰਨ, ਉਹ ਸਾਡੇ ਉੱਤੇ ਰਹਿਮ ਦੇ ਦਰਜੇ ਉੱਚੇ ਕਰਦਾ ਰਹਿੰਦਾ ਹੈ।

ਮੈਨੂੰ ਲੱਗਦਾ ਹੈ ਕਿ ਦੁਆ ਦੀਆਂ ਜੀਭਾਂ ਦੀਆਂ ਰੂਹਾਂ ਉੱਤੇ ਕਿਰਪਾ ਵਧਾਉਣ ਦਾ ਕੰਮ ਪਰਮਾਤਮਾ ਦਾ ਆਸ਼ੀਰਵਾਦ ਹੈ। ਬ੍ਰਹਿਮੰਡ ਦੀ ਸਿਰਜਣਾ ਤੋਂ ਪਹਿਲਾਂ, ਪਰਮਾਤਮਾ, ਜਿਸਨੇ ਸ੍ਰਿਸ਼ਟੀ ਤੋਂ ਪਹਿਲਾਂ ਬ੍ਰਹਿਮੰਡ ਦੀ ਰੋਸ਼ਨੀ ਬਣਾਈ ਸੀ ਅਤੇ ਇਸਨੂੰ ਆਪਣੀ ਵਿਸ਼ੇਸ਼ ਨੇੜਤਾ ਵਿੱਚ ਰੱਖਿਆ ਸੀ, ਜਦੋਂ ਉਹ ਨਿਆਂ ਦਾ ਦਿਨ ਸਥਾਪਤ ਕਰੇਗਾ ਅਤੇ ਹੋਂਦ ਦੇ ਚਿਹਰੇ ਤੋਂ ਹਰ ਚੀਜ਼ ਨੂੰ ਮਿਟਾ ਦੇਵੇਗਾ, ਤਾਂ ਵੀ ਮੁਹੰਮਦ ਦਾ ਪ੍ਰਕਾਸ਼ ਮੌਜੂਦ ਹੋਵੇਗਾ ਅਤੇ ਪ੍ਰਭੂ ਉਸ ਉੱਤੇ ਅਸੀਸਾਂ ਭੇਜਦਾ ਰਹੇਗਾ। ਜਦੋਂ ਮੂਸਾ ਨੇ ਪ੍ਰਭੂ ਨੂੰ ਪੁੱਛਿਆ, ਜੋ ਇੱਕ ਪਲ ਲਈ ਵੀ ਆਪਣੇ ਪਿਆਰੇ ਤੋਂ ਵਿਛੋੜੇ ਤੋਂ ਵਾਂਝਾ ਨਹੀਂ ਹੈ, "ਹੇ ਪ੍ਰਭੂ, ਤੁਹਾਡੇ ਨੇੜੇ ਜਾਣ ਦਾ ਵਿਸ਼ੇਸ਼ ਤਰੀਕਾ ਕੀ ਹੈ?" ਪ੍ਰਭੂ ਨੇ ਕਿਹਾ, "ਮੇਰੇ ਪਿਆਰੇ ਉੱਤੇ ਅਸੀਸਾਂ ਭੇਜੋ।"

ਹਜ਼ਰਤ ਸ਼ੇਖ ਮੁਹੀਉੱਦੀਨ ਇਬਨ ਅਲ-ਅਰਬੀ (ਰਹਿ.) ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਸਪੇਨ ਦੇ ਸੇਵਿਲ ਸ਼ਹਿਰ ਵਿੱਚ ਸਾਡੇ ਨਾਲ ਇੱਕ ਲੁਹਾਰ ਰਹਿੰਦਾ ਸੀ, ਜੋ ਚਾਕੂ, ਤਲਵਾਰਾਂ, ਬਰਛੇ ਆਦਿ ਸਮੇਤ ਲੋਹੇ ਦੀਆਂ ਚੀਜ਼ਾਂ ਬਣਾਉਂਦਾ ਸੀ। ਉਹ ਕਿਸੇ ਨਾਲ ਗੱਲ ਨਹੀਂ ਕਰਦਾ ਸੀ, ਸਗੋਂ ਗਾਹਕ ਦੇ ਸਵਾਲ ਦਾ ਜਵਾਬ "ਅੱਲ੍ਹਾਉੱਮ ਸਲਾਮ ਅਲੀ ਮੁਹੰਮਦ" ਕਹਿ ਕੇ ਦਿੰਦਾ ਸੀ। ਉਹ ਜਾਣਨ ਅਤੇ ਦੱਸਣ ਵਿੱਚ ਸਿਰਫ਼ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ ਸੀ। ਇਸ ਲੁਹਾਰ ਦਾ ਨਾਮ, ਜਿਸਨੇ ਹਮੇਸ਼ਾ ਆਪਣੀ ਜੀਭ ਨੂੰ ਅੱਲ੍ਹਾਉੱਮ ਸਲਾਮ ਅਲੀ ਮੁਹੰਮਦ ਦੇ ਬੰਧਨ ਵਿੱਚ ਰੱਖਿਆ, "ਅੱਲ੍ਹਾਉੱਮ ਸਲਾਮ ਅਲੀ ਮੁਹੰਮਦ" ਸੀ। ਫੁਤੂਹਾਤ ਮੱਕੀਆ ਵਰਗੀਆਂ ਕਿਤਾਬਾਂ ਦੇ ਲੇਖਕ, ਸ਼ੇਖ ਮੁਹੀਉੱਦੀਨ ਇਬਨ ਅਲ-ਅਰਬੀ (ਰਹਿ.) ਕਹਿੰਦੇ ਹਨ ਕਿ ਜਦੋਂ ਵੀ ਮੈਨੂੰ ਕੋਈ ਮੁਸ਼ਕਲ ਆਉਂਦੀ ਸੀ, ਮੈਂ ਇਸ ਲੁਹਾਰ ਤੋਂ ਦੁਆ ਕਰਦਾ ਸੀ, ਜੋ ਤੁਰੰਤ ਸਵੀਕਾਰ ਕਰ ਲਈ ਜਾਂਦੀ ਸੀ। ਸ਼ੇਖ ਇਬਨ ਅਲ-ਅਰਬੀ (ਰਹਿ.), ਜਿਸਨੇ ਧਰਤੀ ਅਤੇ ਅਸਮਾਨ ਦੇ ਬ੍ਰਹਮ ਗਿਆਨ ਨੂੰ ਪ੍ਰਗਟ ਕੀਤਾ, ਉਸ ਲੁਹਾਰ ਦੀ ਬ੍ਰਹਮ ਸਥਿਤੀ ਦੀ ਗਵਾਹੀ ਦੇ ਰਹੇ ਹਨ ਜਿਸਦੀ ਜੀਭ ਅੱਲ੍ਹਾਉੱਮ ਸਲਾਮ ਅਲੀ ਮੁਹੰਮਦ ਦੇ ਫਰਜ਼ ਨਾਲ ਭਰਪੂਰ ਹੈ। ਕੱਲਰ ਕਹਾਰ ਦੇ ਨੇੜੇ ਖੁਸ਼ਹਾਲ ਕਲਾਂ ਪਿੰਡ ਦੇ ਇੱਕ ਨੌਜਵਾਨ ਹਿੰਦੂ ਕ੍ਰਿਸ਼ਨ ਲਾਲ ਨੂੰ ਹਜ਼ਰਤ ਮੁਹੰਮਦ (ਸ.ਅ.ਵ.) ਨੇ ਖੁਦ ਸੁਪਨੇ ਵਿੱਚ ਇਸਲਾਮ ਧਰਮ ਵਿੱਚ ਤਬਦੀਲ ਕਰ ਦਿੱਤਾ ਸੀ। ਉਸਦਾ ਨਾਮ ਗਾਜ਼ੀ ਅਹਿਮਦ ਰੱਖਿਆ ਗਿਆ ਸੀ। ਪ੍ਰੋਫੈਸਰ ਅਹਿਮਦ ਗਾਜ਼ੀ ਮੁਹੰਮਦ (ਸ.ਅ.ਵ.) ਦੇ ਦਰਬਾਰ ਵਿੱਚ ਦੁਰੂਦ ਪਾਕ ਦੇ ਅਣਗਿਣਤ ਤੋਹਫ਼ੇ ਭੇਜਦੇ ਸਨ। ਉਹ ਆਪਣੀ ਤਨਖਾਹ ਆਪਣੇ ਵਿਦਿਆਰਥੀਆਂ 'ਤੇ ਖਰਚ ਕਰਦੇ ਸਨ। ਹਜ਼ਰਤ ਪੈਗੰਬਰ (ਸ.ਅ.ਵ.) ਦੇ ਇਸ ਪ੍ਰੇਮੀ ਨੂੰ, ਜੋ ਯਾਤਰਾ ਖਰਚਿਆਂ ਤੋਂ ਵਾਂਝਾ ਸੀ, ਆਪਣੇ ਦਰਵਾਜ਼ੇ 'ਤੇ ਆਉਣ ਲਈ। ਹਜ਼ਰਤ ਪੈਗੰਬਰ (ਸ.ਅ.ਵ.) ਦੁਬਈ ਦੇ ਇੱਕ ਅਮੀਰ ਸ਼ੇਖ ਦੇ ਸੁਪਨੇ ਵਿੱਚ ਪ੍ਰਗਟ ਹੋਏ ਅਤੇ ਹੁਕਮ ਦਿੱਤਾ ਕਿ ਪ੍ਰੋਫੈਸਰ ਅਹਿਮਦ ਗਾਜ਼ੀ ਨੇ ਦੁਰੂਦ ਪਾਕ ਦੀ ਭਰਪੂਰ ਵਰਖਾ ਕੀਤੀ ਹੈ। ਉਸਨੇ ਉਸਨੂੰ ਆਪਣਾ ਪਤਾ ਦਿੱਤਾ ਅਤੇ ਕਿਹਾ ਕਿ ਉਸਨੂੰ ਉਸਦੇ ਕੋਲ ਜਾਣਾ ਚਾਹੀਦਾ ਹੈ ਅਤੇ ਉਸਨੂੰ ਸਾਡੀ ਦਰਗਾਹ 'ਤੇ ਲਿਆਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਦੁਰੂਦ ਪਾਕ ਉਹ ਮਹਾਨ ਨਾਮ ਹੈ ਜੋ ਮੁਸਲਮਾਨਾਂ ਦੀ ਰੱਖਿਆ ਅਤੇ ਤਾਕਤ ਦੋਵੇਂ ਹੈ। ਪ੍ਰਭੂ ਨੇ ਇੱਕ ਦੂਤ ਨਿਯੁਕਤ ਕੀਤਾ ਹੈ ਜੋ ਕਿਆਮਤ ਦੇ ਦਿਨ ਤੱਕ ਧਰਤੀ ਦੇ ਕਿਸੇ ਵੀ ਹਿੱਸੇ ਵਿੱਚ ਪਿਆਰੇ (ਸ.ਅ.ਵ.) ਦੇ ਦਰਬਾਰ ਵਿੱਚ ਦੁਰੂਦ ਪਾਕ ਪਹੁੰਚਾਏਗਾ। ਪਰ ਹਜ਼ਰਤ ਪੈਗੰਬਰ (ਸ.ਅ.ਵ.) ਖੁਦ ਪਿਆਰ ਕਰਨ ਵਾਲਿਆਂ ਦੀਆਂ ਅਸੀਸਾਂ ਸੁਣਦੇ ਹਨ। ਇਹ ਪਿਆਰ ਵਾਲੇ ਲੋਕ ਉਹ ਕਿਸਮਤ ਵਾਲੇ ਹਨ ਜੋ ਨਸੀਬਾਂ ਦੀ ਗਿਣਤੀ ਵਧਾ ਕੇ, ਹਜ਼ਰਤ ਪੈਗੰਬਰ (ਸ.ਅ.ਵ.) ਦਾ ਧਿਆਨ ਇੰਨਾ ਜ਼ਿਆਦਾ ਪ੍ਰਾਪਤ ਕਰਦੇ ਹਨ ਕਿ ਹਜ਼ਰਤ ਪੈਗੰਬਰ (ਸ.ਅ.ਵ.) ਉਨ੍ਹਾਂ ਦੇ ਨਾਮ ਆਪਣੇ ਰਜਿਸਟਰ ਵਿੱਚ ਦਰਜ ਕਰਦੇ ਹਨ। ਗੁਜਰਾਤ ਦੇ ਖਵਾਜਾ ਗੌਹਰੂਦੀਨ ਨੇ ਕਿਸੇ ਵੀ ਵਿਦਿਅਕ ਸੰਸਥਾ ਵਿੱਚ ਦਾਖਲਾ ਨਹੀਂ ਲਿਆ, ਪਰ ਦੁਰੂਦ ਪਾਕ (ਸ.ਅ.ਵ.) ਦੀ ਬਖਸ਼ਿਸ਼ ਕਾਰਨ, ਉਨ੍ਹਾਂ ਨੇ ਮੁਸਤਫਾ (ਸ.ਅ.ਵ.) ਦੀਆਂ ਨਜ਼ਰਾਂ ਤੋਂ ਗਿਆਨ ਦਾ ਅਜਿਹਾ ਪੱਧਰ ਪ੍ਰਾਪਤ ਕੀਤਾ ਕਿ ਉਨ੍ਹਾਂ ਦੇ ਸਮੇਂ ਦੇ ਮਹਾਨ ਵਿਦਵਾਨ ਉਨ੍ਹਾਂ ਤੋਂ ਇਸਲਾਮੀ ਮੁੱਦਿਆਂ ਦੀ ਸੁਧਾਰ ਮੰਗਦੇ ਸਨ। ਉਨ੍ਹਾਂ ਨੇ ਕਿਤਾਬਾਂ ਦੀ ਇੱਕ ਵਿਸ਼ਾਲ ਲਾਇਬ੍ਰੇਰੀ ਬਣਾਈ ਸੀ। ਜਦੋਂ ਕੋਈ ਉਨ੍ਹਾਂ ਨੂੰ ਕੋਈ ਸਵਾਲ ਪੁੱਛਣ ਆਉਂਦਾ ਸੀ, ਤਾਂ ਉਹ ਕਹਿੰਦੇ ਸਨ, "ਮੈਂ ਖੇਤਾਂ ਵਿੱਚ ਵਾਹੁਣ ਵਾਲਾ ਇੱਕ ਅਗਿਆਨੀ ਵਿਅਕਤੀ ਹਾਂ। ਕਿਤਾਬਾਂ ਦੀ ਸ਼ੈਲਫ ਵਿੱਚ ਫਲਾਂ ਵਾਲੀ ਜਗ੍ਹਾ 'ਤੇ ਪਈ ਇਸ ਅਤੇ ਫਲਾਂ ਵਾਲੀ ਕਿਤਾਬ ਦੇ ਇਸ ਪੰਨੇ ਨੰਬਰ ਵੱਲ ਧਿਆਨ ਦਿਓ। ਤੁਹਾਨੂੰ ਹੱਲ ਮਿਲ ਜਾਵੇਗਾ।" ਇੱਕ ਦਿਨ, ਇੱਕ ਮਹਾਨ ਵਿਦਵਾਨ ਨੇ ਉਨ੍ਹਾਂ ਨੂੰ ਪਰਖਣ ਲਈ ਹਦੀਸ ਦੀ ਇੱਕ ਕਿਤਾਬ ਦਾ ਇੱਕ ਪੰਨਾ ਲੁਕਾ ਦਿੱਤਾ, ਇੱਕ ਗਲਤ ਹਵਾਲਾ ਲਿਖਿਆ, ਉਸਦੇ ਸਾਹਮਣੇ ਰੱਖਿਆ, ਅਤੇ ਇਸ ਬਾਰੇ ਪੁੱਛਿਆ। ਉਸਨੇ ਕੁਝ ਸਮੇਂ ਲਈ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਚੁੱਪ ਦੀ ਸਥਿਤੀ ਵਿੱਚ ਚਲਾ ਗਿਆ। ਫਿਰ ਉਹ ਆਪਣੀ ਪਿਛਲੀ ਸਥਿਤੀ ਵਿੱਚ ਵਾਪਸ ਆ ਗਿਆ ਅਤੇ ਸਵਾਲ ਕਰਨ ਵਾਲੇ ਨੂੰ ਕਿਹਾ ਕਿ ਇਹ ਹਜ਼ਰਤ ਪੈਗੰਬਰ (ਅ.ਸ.) ਦਾ ਹੁਕਮ ਨਹੀਂ ਸੀ, ਇਹ ਝੂਠ ਸੀ। ਫਿਰ ਸਵਾਲ ਕਰਨ ਵਾਲੇ ਵਿਦਵਾਨ ਨੇ ਕਿਹਾ, "ਤੁਸੀਂ ਸ਼ੁਰੂ ਵਿੱਚ ਹੀ ਇਹ ਬਣਾ ਲਿਆ ਹੁੰਦਾ ਅਤੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹੁੰਦੀਆਂ। ਤੁਸੀਂ ਇਸ 'ਤੇ ਇੰਨਾ ਸਮਾਂ ਕਿਉਂ ਲਗਾਇਆ?" ਉਸਨੇ ਕਿਹਾ, "ਮੈਂ ਹਜ਼ਰਤ ਪੈਗੰਬਰ (ਅ.ਸ.) ਕੋਲ ਪੁੱਛਗਿੱਛ ਕਰਨ ਜਾ ਰਿਹਾ ਸੀ, ਅਤੇ ਹਜ਼ਰਤ ਪੈਗੰਬਰ (ਅ.ਸ.) ਨੇ ਕਿਹਾ, "ਇਹ ਮੇਰਾ ਹੁਕਮ ਨਹੀਂ ਹੈ।" ਮੌਲਵੀ ਝੂਠ ਲੈ ਕੇ ਆਇਆ ਹੈ।

ਦੁਰੂਦ ਪਾਕ ਅਧਿਆਤਮਿਕ ਉਡਾਣ ਦੇ ਕੇ ਹਜ਼ਰਤ ਪੈਗੰਬਰ (ਅ.ਸ.) ਨਾਲ ਸਿੱਧੇ ਸੰਬੰਧ ਦੀ ਨੀਂਹ ਰੱਖਦਾ ਹੈ। ਮੌਲਾਨਾ ਜਲਾਲ-ਉਲ- ਮੈਂ ਦੀਨ ਸੁਯੂਤੀ ਦੀ ਕਿਸਮਤ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿਆਂਗਾ। ਉਸਨੂੰ ਜਾਗਦੀ ਹਾਲਤ ਵਿੱਚ ਹਜ਼ਰਤ ਪੈਗੰਬਰ (ਸ.ਅ.ਵ.) ਨੂੰ ਮਿਲਣ ਦਾ ਮਾਣ ਪ੍ਰਾਪਤ ਹੋਇਆ ਸੀ। ਹਜ਼ਰਤ ਪੈਗੰਬਰ (ਸ.ਅ.ਵ.) ਨੇ ਖੁਦ ਉਸਨੂੰ ਹਦੀਸ ਦੇ ਸ਼ੇਖ ਦਾ ਖਿਤਾਬ ਦਿੱਤਾ ਸੀ। ਉਹ ਕਹਿੰਦੇ ਹਨ, "ਜਦੋਂ ਮੈਨੂੰ ਕੁਝ ਸਮਝ ਨਹੀਂ ਆਉਂਦਾ ਸੀ, ਤਾਂ ਮੈਂ ਹਜ਼ਰਤ ਪੈਗੰਬਰ (ਸ.ਅ.ਵ.) ਤੋਂ ਪੁੱਛਦਾ ਸੀ ਅਤੇ ਇਸਨੂੰ ਲਿਖ ਲੈਂਦਾ ਸੀ।" ਸੂਫ਼ੀ ਮੁਹੰਮਦ ਅਫਜ਼ਲ ਫਕੀਰ (ਸ.ਅ.ਵ.) ਉਹ ਖੁਸ਼ਕਿਸਮਤ ਵਿਅਕਤੀ ਸਨ ਜਿਨ੍ਹਾਂ 'ਤੇ ਮੁਸਤਫਾ (ਸ.ਅ.ਵ.) ਦੀ ਨਜ਼ਰ ਸੀ ਅਤੇ ਦੁਰੂਦ (ਸ.ਅ.ਵ.) ਦੀ ਭਰਪੂਰਤਾ ਕਾਰਨ ਕੰਬਣ ਦੀ ਸਥਿਤੀ ਵਿੱਚ ਸੀ, ਜਿਸ ਕਾਰਨ ਉਹ ਇੱਕ ਪਲ ਵਿੱਚ ਧਰਤੀ 'ਤੇ ਕਿਸੇ ਵੀ ਸਥਾਨ 'ਤੇ ਪਹੁੰਚ ਸਕਦਾ ਸੀ। ਜਿਸ ਤਰ੍ਹਾਂ ਹਜ਼ਰਤ ਪੈਗੰਬਰ (ਸ.ਅ.ਵ.) ਆਪਣੇ ਦ੍ਰਿਸ਼ਟੀਗਤ ਜੀਵਨ ਵਿੱਚ ਆਪਣੇ ਸਾਥੀਆਂ (ਸ.ਅ.ਵ.) ਦਾ ਸਤਿਕਾਰ ਕਰਦੇ ਸਨ, ਉਦਾਰਤਾ ਦੀ ਉਹ ਲੜੀ ਕਿਆਮਤ ਦੇ ਦਿਨ ਤੱਕ ਜਾਰੀ ਰਹੇਗੀ। ਹਰ ਪੂਜਾ ਦਾ ਕੰਮ ਦੁਰੂਦ (ਸ.ਅ.ਵ.) ਦੇ ਖੰਭਾਂ 'ਤੇ ਸਵਰਗ ਵੱਲ ਉਡਾਣ ਭਰਦਾ ਹੈ। ਮੁਸਤਫਾ (ਸ.ਅ.ਵ.) ਦੀ ਨੇੜਤਾ ਪਰਮਾਤਮਾ ਦੀ ਨੇੜਤਾ ਹੈ। ਹਜ਼ਰਤ ਮੂਸਾ (ਸ.ਅ.ਵ.) ਦੇ ਸਮੇਂ, ਇੱਕ ਆਦਮੀ ਨੇ ਦੋ ਸੌ ਸਾਲਾਂ ਤੱਕ ਪਰਮਾਤਮਾ ਦੀ ਅਣਆਗਿਆਕਾਰੀ ਕੀਤੀ ਸੀ ਅਤੇ ਆਪਣੇ ਪਾਪਾਂ ਦੀ ਬਹੁਤਾਤ ਕਾਰਨ ਘ੍ਰਿਣਾਯੋਗ ਹੋ ਗਿਆ ਸੀ। ਜਦੋਂ ਉਹ ਮਰ ਗਿਆ, ਤਾਂ ਲੋਕਾਂ ਨੇ ਉਸਨੂੰ ਮਿੱਟੀ ਦੇ ਢੇਰ 'ਤੇ ਸੁੱਟ ਦਿੱਤਾ। ਫਿਰ ਅੱਲ੍ਹਾ ਨੇ ਹਜ਼ਰਤ ਮੂਸਾ (ਅ) ਨੂੰ ਇਸ਼ਾਰਾ ਕੀਤਾ ਕਿ ਉਹ ਜਾ ਕੇ ਮੇਰੇ ਦੋਸਤ ਨੂੰ ਨਹਾਵੇ ਅਤੇ ਦਫ਼ਨਾ ਦੇਵੇ। ਹਜ਼ਰਤ ਮੂਸਾ (ਅ) ਨੇ ਹੈਰਾਨੀ ਨਾਲ ਪ੍ਰਭੂ ਤੋਂ ਪੁੱਛਿਆ, ਉਹ ਤੁਹਾਡਾ ਦੋਸਤ ਕਿਵੇਂ ਬਣਿਆ? ਪ੍ਰਭੂ ਨੇ ਕਿਹਾ, "ਜਦੋਂ ਉਹ ਇੰਜੀਲ ਪੜ੍ਹਦਾ ਸੀ, ਜਦੋਂ ਵੀ ਮੇਰੇ ਮੁਹੰਮਦ (ਅ) ਦਾ ਨਾਮ ਆਉਂਦਾ ਸੀ, ਉਹ ਇਸਨੂੰ ਚੁੰਮਦਾ ਸੀ।" ਦਿਆਲਤਾ ਦੀ ਸਥਿਤੀ ਵਿੱਚ ਦੁਰੂਦ-ਉਲ-ਫਿਤਰ ਦਾ ਪਾਠ ਕਰੋ। ਇਸ ਸਥਿਤੀ ਵਿੱਚ, ਇਹ ਜਾਣਿਆ ਜਾਂਦਾ ਹੈ ਕਿ ਤੁਹਾਨੂੰ ਹਜ਼ਰਤ ਮੁਹੰਮਦ (ਅ) 'ਤੇ ਦੁਰੂਦ-ਉਲ-ਫਿਤਰ ਦਾ ਪਾਠ ਕਰਨਾ ਚਾਹੀਦਾ ਹੈ ਜਿਵੇਂ ਤੁਸੀਂ ਹਜ਼ਰਤ (ਅ) ਨੂੰ ਦੇਖ ਰਹੇ ਹੋ ਜਾਂ ਇਸ ਵਿਸ਼ਵਾਸ ਨਾਲ ਇਸਦਾ ਪਾਠ ਕਰਨਾ ਚਾਹੀਦਾ ਹੈ ਕਿ ਉਹ ਤੁਹਾਨੂੰ ਦੇਖ ਰਿਹਾ ਹੈ। ਰੱਬ ਦੀ ਹਜ਼ੂਰੀ ਵਿੱਚ, ਹਜ਼ਰਤ (ਅ) ਲਈ ਪਿਆਰ ਤੋਂ ਬਿਨਾਂ ਕੋਈ ਵੀ ਪੂਜਾ ਸਵੀਕਾਰ ਨਹੀਂ ਕੀਤੀ ਜਾਂਦੀ। ਪੂਜਾ ਸਵੀਕਾਰ ਨਹੀਂ ਕੀਤੀ ਜਾਂਦੀ ਭਾਵੇਂ ਇਹ ਕਿਸੇ ਵਿਸ਼ਵਾਸੀ ਦਾ ਹੀ ਹੋਵੇ।

## ਹੜ੍ਹ ਪੀੜਤਾਂ ਲਈ ਪੰਜਾਬੀਆਂ ਨੇ ਖ਼ਜਾਨਿਆਂ ਦੇ ਮੂੰਹ ਖੋਲ੍ਹ ਦਿੱਤੇ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਕੇਂਦਰ ਸਰਕਾਰ ਨੂੰ ਪੰਜਾਬ ਦੇ ਹੜ੍ਹਾਂ ਦੀ ਸਥਿਤੀ ਨੂੰ ਰਾਸ਼ਟਰੀ ਆਫ਼ਤ ਐਲਾਨਣਾ ਚਾਹੀਦਾ ਹੈ। ਭਾਖੜਾ ਡੈਮ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ ਤਿੰਨ ਫੁੱਟ ਦੂਰ ਰਹਿ ਗਿਆ ਹੈ। ਪੌਂਗ ਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ 'ਤੇ ਪਹੁੰਚ ਗਿਆ ਹੈ। ਰਾਵੀ, ਬਿਆਸ ਅਤੇ ਸਤਲੁਜ ਦਰਿਆ ਵੀ ਖ਼ਤਰੇ ਦੇ ਨਿਸ਼ਾਨ 'ਤੇ ਵਹਿ ਰਹੇ ਹਨ। ਘੱਗਰ ਵੀ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਹੀ ਹੈ। ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਅਤਿਅੰਤ ਗੰਭੀਰ ਹੋ ਗਈ ਹੈ। ਪੰਜਾਬੀਆਂ ਦੀ ਇੱਕ ਖ਼ੂਬਸੂਰਤ ਖ਼ੂਬੀ ਹੈ ਕਿ ਭਾਵੇਂ ਉਹ ਆਪ ਪੀੜਤ ਹੋਣ, ਪ੍ਰੰਤੂ ਤਾਂ ਵੀ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਵਰਤਮਾਨ ਹੜ੍ਹਾਂ ਦੌਰਾਨ ਜਦੋਂ ਹੜ੍ਹ ਪੀੜਤਾਂ ਨੂੰ ਰਾਹਤ ਸਮਗਰੀ ਦੇਣ ਲਈ ਲੋਕ ਜਾਂਦੇ ਸਨ ਤਾਂ ਉਹ ਉਨ੍ਹਾਂ ਦੀ ਪੂਰੀ ਆਓ ਭਗਤ ਕਰਦੇ ਸਨ। ਇਹ ਪੰਜਾਬੀਆਂ ਦੀ ਸੰਤੁਸ਼ਟਤਾ ਦੀ ਨਿਸ਼ਾਨੀ ਹੈ। ਪੰਜਾਬੀ ਕੁਦਰਤੀ ਆਫ਼ਤ ਦਾ ਮੁਕਾਬਲਾ ਪਹਿਲੀ ਵਾਰ ਨਹੀਂ ਕਰ ਰਹੇ। ਅੰਤਰਰਾਸ਼ਟਰੀ ਸਰਹੱਦ ਅਤੇ ਪਹਾੜਾਂ ਦੇ ਨਜ਼ਦੀਕ ਭੂਗੋਲਿਕ ਸਥਿਤੀ ਹੋਣ ਕਰਕੇ ਉਹ ਹਮੇਸ਼ਾ ਮੁਸੀਬਤਾਂ ਨਾਲ ਨਿਪਟਦੇ ਰਹਿੰਦੇ ਹਨ। ਪੰਜਾਬੀਆਂ ਨੇ 1955, 1988, 1993 ਅਤੇ 2023 ਵਿੱਚ ਵੀ ਹੜ੍ਹਾਂ ਦੀ ਕੁਦਰਤੀ ਆਫ਼ਤ ਦੇ ਪ੍ਰਕੋਪ ਦਾ ਸੰਤਾਪ ਹੰਢਾਇਆ ਹੈ। ਬੇਸ਼ੁਮਾਰ ਤਬਾਹੀ ਤੋਂ ਬਾਅਦ ਵੀ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਂਦੇ ਹਨ, ਕਿਉਂਕਿ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੇ ਆਪਣੀ ਮੁਸੀਬਤ ਦਾ ਮੁਕਾਬਲਾ ਕਰਨ ਦੀ ਸਮਰੱਥਾ ਤਾਂ ਦਿੱਤੀ ਹੀ ਹੈ, ਪ੍ਰੰਤੂ ਪੰਜਾਬੀ ਤਾਂ ਸੰਸਾਰ ਵਿੱਚ ਕਿਸੇ ਵੀ ਦੇਸ਼ ਵਿੱਚ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਮੋਹਰੀ ਬਣਕੇ ਲੋਕਾਈ ਦੀ ਸੇਵਾ ਲਈ ਤਤਪਰ ਹੋ ਜਾਂਦੇ ਹਨ। ਪੰਜਾਬ ਦੀ ਵਰਤਮਾਨ ਸਥਿਤੀ ਪਹਿਲੀਆਂ ਕੁਦਰਤੀ ਆਫ਼ਤਾਂ ਨਾਲੋਂ ਬਹੁਤ ਜ਼ਿਆਦਾ ਖ਼ਤਰਨਾਕ ਬਣੀ ਹੋਈ ਹੈ। ਪੰਜਾਬ ਦੇ ਤਿੰਨੋ ਦਰਿਆਵਾਂ ਸਤਲੁਜ, ਰਾਵੀ ਅਤੇ ਬਿਆਸ ਤੋਂ ਇਲਾਵਾ ਘੱਗਰ, ਟਾਂਗਰੀ, ਮਾਰਕੰਡਾ, ਰਜਵਾਹਿਆਂ, ਨਾਲਿਆਂ, ਚੋਆਂ ਵਿੱਚ ਵਧੇਰੇ ਮਾਤਰਾ ਵਿੱਚ ਪਾਣੀ ਆ ਜਾਣ ਕਰਕੇ ਉਨ੍ਹਾਂ ਦੇ ਆਲੇ ਦੁਆਲੇ ਵਸਣ ਵਾਲੇ ਪਿੰਡਾਂ ਦੇ ਵਸਿੰਦਿਆਂ ਦੇ ਘਰਾਂ, ਫਸਲਾਂ, ਮਨੁਖੀ ਜਾਨਾ ਅਤੇ ਪਸ਼ੂਆਂ ਦਾ ਬੇਅੰਤ ਨੁਕਸਾਨ ਹੋਇਆ ਹੈ। ਇਹ ਨੁਕਸਾਨ ਪੂਰਾ ਤਾਂ ਨਹੀਂ ਹੋ ਸਕਦਾ, ਪ੍ਰੰਤੂ ਹੌਸਲਾ ਹਾਰਕੇ ਵੀ ਕੁਝ ਨਹੀਂ ਬਣਦਾ। ਬਿਆਸ ਦਰਿਆ ਦੇ ਪਾਣੀ ਨੇ ਸਭ ਤੋਂ ਵਧੇਰੇ ਨੁਕਸਾਨ ਪਹੁੰਚਾਇਆ ਹੈ। ਇਸ ਲਈ ਪੰਜਾਬੀਆਂ ਨੇ ਹਰ ਅਣਸੁਖਾਵੇਂ ਹਾਲਤ ਦਾ ਮੁਕਾਬਲਾ ਕਰਨ ਦੀ ਠਾਣ ਲਈ ਹੈ। ਪੰਜਾਬੀ ਹੀ ਪੰਜਾਬੀਆਂ ਦੇ ਮਦਦਗਾਰ ਬਣ ਰਹੇ ਹਨ।





ਪੰਜਾਬ ਦੇ ਕਿਸੇ ਜ਼ਿਲ੍ਹੇ ਵਿੱਚ ਜਦੋਂ ਵੀ ਕੋਈ ਗੰਭੀਰ ਕੁਦਰਤੀ ਆਫ਼ਤ ਆਉਂਦੀ ਹੈ ਤੇ ਉਥੋਂ ਦੇ ਲੋਕਾਂ ਨੂੰ ਅਣਸੁਖਾਵੇਂ ਹਾਲਾਤ ਵਿੱਚੋਂ ਲੰਘਦਿਆਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਲੋਕਾਂ ਵਿੱਚ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ 'ਤੇ ਗੁੱਸਾ ਤੇ ਰੋਸ ਜ਼ਰੂਰ ਆਉਂਦਾ ਹੈ। ਉਨ੍ਹਾਂ ਦਾ ਗੁੱਸਾ ਸਹੀ ਵੀ ਹੁੰਦਾ ਹੈ। ਵੈਸੇ ਅਜਿਹੀ ਪੁਜੀਸ਼ਨ ਹਰ ਕੁਦਰਤੀ ਆਫ਼ਤ ਵਿੱਚ ਵੇਖਣ ਨੂੰ ਮਿਲਦੀ ਹੈ, ਭਾਵੇਂ ਜ਼ਿਲ੍ਹਾ ਪ੍ਰਸ਼ਾਸ਼ਨ ਜਿੰਨਾ ਮਰਜ਼ੀ ਵਧੀਆ ਕੰਮ ਕਰਨ ਦੀ ਕੋਸ਼ਿਸ਼ ਕਰੇ। ਇਹ ਸਮਾਂ ਸਰਕਾਰਾਂ ਦੀ ਅਣਗਹਿਲੀਆਂ ਦੀ ਨਿੰਦਿਆ ਕਰਨ ਦਾ ਨਹੀਂ, ਸਗੋਂ ਲੋਕਾਂ ਦੀ ਬਾਂਹ ਫੜ੍ਹਨ ਦਾ ਸਮਾਂ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਰਕਾਰਾਂ ਦੀ ਅਣਗਹਿਲੀ ਨਹੀਂ, ਬਿਲਕੁਲ ਸਰਕਾਰ ਫੇਲ੍ਹ ਹੋਈ ਹੈ। ਪ੍ਰੰਤੂ ਹੁਣ ਇੱਕ ਦੂਜੇ 'ਤੇ ਦੋਸ਼ ਲਗਾਉਣ ਦਾ ਸਮਾਂ ਨਹੀਂ। ਸਿਆਸਤਦਾਨਾ ਨੂੰ ਕੁਦਰਤੀ ਆਫ਼ਤ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਸਿਆਸਤ ਕਰਨ ਲਈ ਹੋਰ ਬਥੇਰੇ ਮੁੱਦੇ ਮਿਲਦੇ ਰਹਿਣਗੇ। ਇਸ ਸਮੇਂ ਪੰਜਾਬ ਦੇ 12 ਜ਼ਿਲ੍ਹਿਆਂ ਤਰਨਤਾਰਨ, ਫ਼ਾਜਿਲਕਾ, ਅੰਮ੍ਰਿਤਸਰ, ਗੁਰਦਾਸਪੁਰ, ਫ਼ੀਰੋਜ਼ਪੁਰ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ, ਰੋਪੜ, ਮੋਹਾਲੀ, ਮੋਗਾ, ਬਰਨਾਲਾ, ਸੰਗਰੂਰ, ਮਾਨਸਾ ਅਤੇ ਪਟਿਆਲਾ ਜ਼ਿਲ੍ਹੇ ਸਭ ਤੋਂ ਜ਼ਿਆਦਾ ਪ੍ਰਭਾਵਤ ਹਨ। ਕੁਲ 1400 ਪਿੰਡ ਹੜ੍ਹਾਂ ਨਾਲ ਪ੍ਰਭਾਵਤ ਹੋਏ ਹਨ, ਗੁਰਦਾਸਪੁਰ ਦੇ ਸਭ ਤੋਂ ਵੱਧ 324 ਪਿੰਡ, ਮਾਨਸਾ 163, ਕਪੂਰਥਲਾ 152, ਅੰਮ੍ਰਿਤਸਰ 135, ਹੁਸ਼ਿਆਰਪੁਰ 119 ਪਿੰਡ ਪਾਣੀ ਦੀ ਮਾਰ ਵਿੱਚ ਆਏ ਹਨ। ਹੁਣ ਤੱਕ ਪੰਜਾਬ ਵਿੱਚ 30 ਮੌਤਾਂ ਹੋ ਚੁੱਕੀਆਂ ਹਨ, 2.50 ਲੱਖ ਏਕੜ ਰਕਬੇ ਵਿੱਚ ਫ਼ਸਲ ਦਾ ਨੁਕਸਾਨ ਹੋਇਆ ਹੈ, 50 ਹਜ਼ਾਰ ਏਕੜ ਨਰਮਾ ਤਬਾਹ ਹੋ ਗਿਆ ਹੈ? ਇਕੱਲੀਆਂ ਫ਼ਸਲਾਂ ਦਾ 3200 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਬਾਕੀ ਹੋਰ ਨੁਕਸਾਨ ਵੱਖਰਾ ਹੈ। 3.00 ਲੱਖ ਲੋਕ ਪ੍ਰਭਾਵਤ ਹੋਏ ਹਨ, 174 ਅਸਥਾਈ ਰਾਹਤ ਕੈਂਪ ਸਥਾਪਤ ਕੀਤੇ ਹਨ, ਜਿਨ੍ਹਾਂ ਵਿੱਚ 7400 ਪ੍ਰਭਾਵਤ ਲੋਕਾਂ ਨੂੰ ਠਹਿਰਾਇਆ ਗਿਆ ਹੈ, ਭਾਰਤੀ ਫ਼ੌਜ ਦੀਆਂ 10 ਪਲਾਟੂਨਾਂ, 35 ਹੈਲੀਕਾਪਟਰ, ਐਨ.ਡੀ.ਆਰ.ਐਫ਼ ਦੀਆਂ 20 ਟੀਮਾਂ ਅਤੇ 818 ਮੈਡੀਕਲ ਟੀਮਾਂ ਲੋਕਾਂ ਨੂੰ ਬਚਾਉਣ ਵਿੱਚ ਲੱਗੀਆਂ ਹੋਈਆਂ ਹਨ। 20000 ਲੋਕਾਂ ਨੂੰ ਹੜ੍ਹਾਂ ਦੇ ਪਾਣੀ 'ਚੋਂ ਬਾਹਰ ਕੱਢਿਆ ਗਿਆ ਹੈ। ਮਰਨ ਵਾਲੇ ਬੇਜ਼ੁਬਾਨ ਪਸ਼ੂਆਂ ਦੀ ਗਿਣਤੀ ਵੀ 350 ਦੇ ਕਰੀਬ ਪਹੁੰਚ ਗਈ ਹੈ, 60 ਹਜ਼ਾਰ ਪਸ਼ੂ ਪ੍ਰਭਾਵਤ ਹੋਏ ਦੱਸੇ ਜਾ ਰਹੇ ਹਨ, ਪ੍ਰੰਤੂ ਹੜ੍ਹ ਦਾ ਪਾਣੀ ਘੱਟਣ ਤੋਂ ਬਾਅਦ ਅਸਲੀ ਗਿਣਤੀ ਦਾ ਪਤਾ ਚਲ ਸਕੇਗਾ।

ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 9 ਜ਼ਿਲ੍ਹਿਆਂ ਵਿੱਚ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਆਪਣੀਆਂ ਪ੍ਰਸ਼ਾਸ਼ਨਿਕ ਟੀਮਾ ਨਾਲ ਬਚਾਓ ਕਾਰਜਾਂ ਵਿੱਚ ਲੱਗੇ ਹੋਏ ਹਨ, ਪ੍ਰੰਤੂ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਲੋਕਾਂ ਦੀ ਵਧੇਰੇ ਪ੍ਰਸੰਸਾ ਦੀ ਪਾਤਰ ਬਣ ਰਹੀ ਹੈ। ਸ਼ੋਸ਼ਲ ਮੀਡੀਆ 'ਤੇ ਉਸਨੂੰ ਪੰਜਾਬ ਦੀ ਧੀ ਕਿਹਾ ਜਾ ਰਿਹਾ ਹੈ। ਉਹ ਪਿੰਡਾਂ ਵਿੱਚ ਲੋੜੀਂਦਾ ਸਾਮਾਨ ਵੰਡਣ ਲਈ ਖੁਦ ਪਾਣੀ ਦੇ ਵਿੱਚ ਜਾ ਰਹੀ ਹੈ। ਪਿੰਡਾਂ ਦੇ ਲੋਕ ਉਸਦੀ ਪ੍ਰਸੰਸਾ ਕਰਦਿਆਂ ਕਹਿੰਦੇ ਹਨ ਕਿ ਅਜਿਹੀਆਂ ਧੀਆਂ ਪ੍ਰਸ਼ਾਸ਼ਨਿਕ ਪ੍ਰਣਾਲੀ ਵਿੱਚ ਹੋਣੀਆਂ ਚਾਹੀਦੀਆਂ ਹਨ। ਇਥੋਂ ਤੱਕ ਕਿ ਉਹ ਔਰਤਾਂ ਦੇ ਗਲੇ ਲੱਗ ਕੇ ਮਿਲਦੀ ਹੈ ਅਤੇ ਮਰਦ ਬਜ਼ੁਰਗ ਉਸਦਾ ਸਿਰ ਪਲੋਸ ਰਹੇ ਹਨ। ਸਾਕਸ਼ੀ ਸਾਹਨੀ ਤਾਂ 2023 ਦੇ ਹੜ੍ਹਾਂ ਸਮੇਂ ਪਟਿਆਲਾ ਵਿਖੇ ਰਾਤ ਬਰਾਤੇ ਹੜ੍ਹ ਵਾਲੇ ਇਲਾਕਿਆਂ ਵਿੱਚ ਲੋਕਾਂ ਦੀ ਮਦਦ ਲਈ ਨਾਮਣਾ ਖੱਟ ਚੁੱਕੀ ਹੈ। ਬਾਕੀ ਸਰਕਾਰੀ ਅਧਿਕਾਰੀਆਂ ਨੂੰ ਵੀ ਲੋਕਾਂ ਨਾਲ ਵਧੇਰੇ ਤਾਲ ਮੇਲ ਰੱਖਣਾ ਚਾਹੀਦਾ ਹੈ, ਕਿਉਂਕਿ ਹੌਸਲਾ ਦੇਣ ਨਾਲ ਦੁੱਖ ਘੱਟਦਾ ਹੈ।

ਅਜਿਹੇ ਦੁੱਖ ਦੇ ਮੌਕੇ ਪੰਜਾਬੀਆਂ ਦੀ ਪੰਜਾਬੀਆਂ ਨੇ ਹੀ ਬਾਂਹ ਫੜ੍ਹੀ ਹੈ। ਪੰਜਾਬੀਆਂ ਦੀ ਮਦਦ ਲਈ ਪੰਜਾਬੀ ਹੀ ਅੱਗੇ ਆਏ ਹਨ। ਵੱਡੀ ਮਾਤਰਾ ਵਿੱਚ ਵਾਲੰਟੀਅਰ ਸੰਸਥਾਵਾਂ ਇਸ ਕੰਮ ਵਿੱਚ ਮਦਦ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਖਾਲਸਾ ਏਡ ਸ਼ਾਮਲ ਹੈ। ਪਿੰਡਾਂ ਵਿੱਚੋਂ ਲੋਕ ਰਾਹਤ ਸਮਗਰੀ ਲੈ ਕੇ ਧੜਾ ਧੜ ਪ੍ਰਭਾਵਤ ਇਲਾਕਿਆਂ ਵਿੱਚ ਪਹੁੰਚ ਰਹੇ ਹਨ। ਪੰਜਾਬ ਦੇ ਸੈਲੀਵਰਿਟੀਜ਼ ਦੀਆਂ ਟੀਮਾਂ ਵੀ ਹੜ੍ਹ ਰਾਹਤਾਂ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ, ਜਿਨ੍ਹਾਂ ਵਿੱਚ ਜਸਬੀਰ ਜੱਸੀ, ਸਤਿੰਦਰ ਸਰਤਾਜ, ਦਲਜੀਤ ਦੋਸਾਂਝ, ਐਮੀ ਵਿਰਕ, ਗਿੱਪੀ ਗਰੇਵਾਲ, ਸੋਨੂੰ ਸੂਦ, ਸੰਜੇ ਦੱਤ, ਗੁਰਦਾਸ ਮਾਨ, ਰਾਜ ਕੁੰਦਰਾ, ਗੀਤਾ ਬਸਰਾ, ਜਸਪਿੰਦਰ ਨਰੂਲਾ, ਕਰਨ ਔਜਲਾ, ਰਣਜੀਤ ਬਾਵਾ, ਇੰਦਰਜੀਤ ਨਿੱਕੂ, ਸੁਨੰਦਾ ਸ਼ਰਮਾ, ਸੋਨਮ ਬਾਜਵਾ ਅਤੇ ਸੋਨੀਆਂ ਮਾਨ ਸ਼ਾਮਲ ਹਨ। ਜਸਬੀਰ ਜੱਸੀ, ਸਤਿੰਦਰ ਸਰਤਾਜ ਅਤੇ ਮਾਲਵਿਕਾ ਸੂਦ ਨੇ ਸਭ ਤੋਂ ਪਹਿਲਾਂ ਰਾਹਤ ਕਾਰਜਾਂ ਦੀ ਸੇਵਾ ਸ਼ੁਰੂ ਕੀਤੀ ਸੀ। ਦਲਜੀਤ ਦੋਸਾਂਝ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਦਸ ਪਿੰਡ ਗੋਦ ਲਏ ਹਨ। ਗਿੱਪੀ ਗਰੇਵਾਲ ਨੇ ਅਜਨਾਲਾ ਇਲਾਕੇ ਵਿੱਚ ਪਸ਼ੂਆਂ ਲਈ ਸਾਈਲੇਜ ਦੇ ਟਰੱਕ ਭੇਜੇ ਹਨ। ਐਮੀ ਵਿਰਕ ਨੇ 200 ਪ੍ਰਭਾਵਿਤ ਪਰਿਵਾਰ ਦੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ ਹੈ। ਐਸ.ਪੀ.ਸਿੰਘ ਓਬਰਾਏ ਨੇ ਸਾਰੇ ਪ੍ਰਭਾਵਤ ਜ਼ਿਲ੍ਹਿਆਂ ਦੇ ਪਸ਼ੂਆਂ ਲਈ ਚਾਰਾ ਦੇਣ ਦਾ ਪ੍ਰਬੰਧ ਕੀਤਾ ਹੈ। ਪਰਵਾਸ ਵਿੱਚੋਂ ਵੀ ਹੁੰਗਾਰੇ ਆ ਰਹੇ ਹਨ, ਅਮਰੀਕਾ ਤੋਂ ਵੱਡੇ ਟਰਾਂਸਪੋਰਟਰ ਹਰਸਿਮਰਨ ਸੰਗਰਾਮ ਸਿੰਘ ਨੇ ਵੀ ਮਦਦ ਕਰਨ ਦਾ ਬੀੜਾ ਚੁੱਕਿਆ ਹੈ। ਕੈਨੇਡਾ ਦੇ ਕਾਰੋਬਾਰੀ ਨੇ ਮੋਬਿਲਿਟੀ ਗੱਡੀ ਸ਼ੈਰਪ (1"OR N 1200) ਜਿਹੜੀ ਹੜ੍ਹ ਦੇ ਪਾਣੀ ਵਿੱਚ ਬਚਾਓ ਕਾਰਜ ਕਰਨ ਦੇ ਸਮਰੱਥ ਹੈ, ਭੇਜੀ ਗਈ ਹੈ। ਫ਼ੌਜ ਨੇ ਵੀ ਇਹ ਗੱਡੀਆਂ ਦਿੱਤੀਆਂ ਹਨ। ਇਹ ਸ਼ੈਰਪ ਗੱਡੀ ਪਾਣੀ ਵਿੱਚ ਅਸਾਨੀ ਨਾਲ ਚਲ ਸਕਦੀ ਹੈ। ਇਹ ਹਰ ਤਰ੍ਹਾਂ ਦੀ ਐਮਰਜੈਂਸੀ ਹਾਲਾਤ ਵਿੱਚ ਹੀ ਵਰਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਿਸਾਨ ਜਥੇਬੰਦੀਆਂ ਵੀ ਅੱਗੇ ਹੋ ਕੇ ਮਦਦ ਕਰ ਰਹੀਆਂ ਹਨ। ਵਿਕਰਮ ਸਿੰਘ ਸਾਹਨੀ ਰਾਜ ਸਭਾ ਮੈਂਬਰ ਨੇ ਵੀ ਮਦਦ ਕੀਤੀ ਹੈ। ਹਰਿਆਣਾ ਤੇ ਜੰਮੂ ਕਸ਼ਮੀਰ ਸਰਕਾਰਾਂ ਨੇ 5-5 ਕਰੋੜ ਦੀ ਮਦਦ ਭੇਜੀ ਹੈ। ਹਰਿਆਣਾ ਤੋਂ ਲੋਕ ਵੀ ਰਾਹਤ ਸਮਗਰੀ ਲੈ ਕੇ ਆ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ। ਧੜਾ ਧੜ ਹੋਰ ਲੋਕਾਂ ਅਤੇ ਸੰਸਥਾਵਾਂ ਹੜ੍ਹ ਰਾਹਤ ਲਈ ਪਹੁੰਚ ਰਹੀਆਂ ਹਨ। ਪੰਜਾਬੀਆਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਹਰ ਕੁਦਰਤੀ ਆਫ਼ਤ ਦਾ ਮੁਕਾਬਲਾ ਕਰਨ ਲਈ ਇੱਕ ਦੂਜੇ ਦੇ ਸਹਿਯੋਗੀ ਬਣਦੇ ਹਨ। ਅਜਿਹੇ ਗੰਭੀਰ ਹਾਲਾਤ ਵੀ ਉਨ੍ਹਾਂ ਖਿੜ੍ਹੇ ਮੱਥੇ ਪ੍ਰਵਾਨ ਕਰਦਿਆਂ ਹੌਸਲਾ ਬਰਕਰਾਰ ਰੱਖਿਆ ਹੈ।

ਤਸਵੀਰਾਂ: ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਦਲਜੀਤ ਦੋਸਾਂਝ, ਐਮੀ ਵਿਰਕ, ਗਿਪੀ ਗਰੇਵਾਲ, ਐਸ.ਪੀ.ਸਿੰਘ ਓਬਰਾਏ।